# ਅੰਮ੍ਰਿਤ ਕੀਰਤਨ

# Amrit Kirtan



ਫਰਵਰੀ 2005

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 2 ◆ ਸਾਲ ਸਤਾਰਵਾਂ ◆ ਫਰਵਰੀ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ :** 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ :** 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ**<br>*ਗਿਆਨੀ ਗੁਰਚਰਨ ਸਿੰਘ 'ਕੰਵਲ'* | 4 |
| **ਗੁਰਮਤਿ ਸੰਗੀਤ - ਸਿਧਾਂਤ ਅਤੇ ਸਰੂਪ**<br>*ਡਾ. ਜਤਿੰਦਰ ਸਿੰਘ ਖੰਨਾ* | 7 |
| **ਵਾਇਲਨ ਸਮਰਾਟ ਮੇਨਯੂਹਿਨ**<br>*ਬਾਵਾ ਬਲਵੰਤ* | 13 |
| **ਰਾਗੀ ਭਾਈ ਜਸਪਾਲ ਸਿੰਘ ਜੀ**<br>*ਭਾਈ ਜਗਸੀਰ ਸਿੰਘ ਹਜ਼ੂਰੀ ਰਾਗੀ* | 15 |
| **ਰਿਲੀਜ ਸਮਾਰੋਹ**<br>*ਭਾਈ ਹਰਪਿੰਦਰ ਸਿੰਘ ਜੀ* | 16 |
| **ਮੋਹ ਤੇ ਹਉਮੈ**<br>*ਸੋਹਣ ਸਿੰਘ* | 17 |
| **ਸ਼ਬਦ ਦਾ ਦੀਵਾ ਜਗਾਅ**<br>*ਮਨਮੋਹਨ ਸਿੰਘ ਦਾਊਂ* | 19 |
| **First use of Hindustan...**<br>*Sarbjit Dhaliwal* | 20 |
| **Artistes are prospering...**<br>*S. D. Sharma* | 22 |
| **ਸੁਰ ਲਿਪੀ**<br>*ਭਾਈ ਜਸਪਾਲ ਸਿੰਘ ਜਵੱਦੀ* | 23 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਸਮਾਚਾਰ ਇਹ ਹੈ ਕਿ 2005 ਜਨਵਰੀ ਦਾ ਮੈਗਜ਼ੀਨ ਬੇਹੱਦ ਪਸੰਦ ਆਇਆ। 'ਕਰਉ ਬੇਨੰਤੀਆ' ਡਾਕਟਰ ਜਾਗੀਰ ਸਿੰਘ ਜੀ ਦੀ ਤਹਰੀਰ ਕਾਬਲੇ ਤਾਰੀਫ ਸੀ।

ਬਾਵਾ ਬਲਵੰਤ ਦਾ ਲੇਖ ਰਾਗ ਤੇ ਰੰਗ ਦਾ ਨੂਰ, ਭਲੋ ਭਲੋ ਰੇ ਕੀਰਤਨੀਆ ਜਾਣਕਾਰੀ ਡਾ. ਜਤਿੰਦਰਪਾਲ ਸਿੰਘ ਜੀ ਜੌਲੀ ਵਲੋਂ ਡਾ. ਗੁਰਨਾਮ ਸਿੰਘ ਜੀ ਅਤੇ ਭਾਈ ਬਲਜੀਤ ਸਿੰਘ ਅਤੇ ਗੁਰਮੀਤ ਸਿੰਘ ਨਾਮਧਾਰੀ ਬਾਰੇ, ਹਰਪਾਲ ਸਿੰਘ ਪੰਨੂ ਜੀ ਵਲੋਂ ਰਬਾਬੀ ਭਾਈ ਗੁਲਾਮ ਮੁਹੰਮਦ ਚਾਂਦ ਦਾ ਕੀਰਤਨ ਲੇਖ ਬਹੁਤ ਹੀ ਖੂਬਸੂਰਤ ਲੇਖ ਸਨ। ਡਾ. ਅਨੂਪ ਸਿੰਘ ਜੀ ਦਿੱਲੀ ਵਲੋਂ ਲੇਖ ਸਿੱਧ ਛਪ ਬੈਠੇ ਪਰਬਤੀ ਕਉਣ ਜਗਤ ਕਉ ਪਾਰ ਉਤਾਰਾ; ਸੰਤ ਗੁਰਚਰਨ ਸਿੰਘ ਜੀ ਪਟਿਆਲਾ ਵਲੋਂ ਲੇਖ 'ਹੰਡ੍ਰਡ ਇਨ ਵਨ' ਬਹੁਤ ਹੀ ਵਧੀਆ ਲੇਖ ਸੀ, ਸਤਿਬੀਰ ਸਿੰਘ ਜੀ ਦਾ ਲੇਖ 'ਕੀਰਤਨ ਸ਼ੈਲੀ ਦਾ ਅਨਮੋਲ ਖਜ਼ਾਨਾ ਡੱਬਿਆਂ ਵਿਚ ਬੰਦ ਹੈ', ਭਾਈ ਅਵਤਾਰ ਸਿੰਘ ਜੀ ਹੰਸ ਸੰਗਰੂਰ ਵਲੋਂ ਇਕ ਮਹਾਨ ਰਾਗੀ ਭਾਈ ਗੁਰਮੀਤ ਸਿੰਘ ਜੀ ਸ਼ਾਂਤ ਬਾਰੇ, ਰਾਗ ਦੇਵ ਗੰਧਾਰੀ ਵਿਚ ਤਿੰਨ ਤਾਲ ਦੀ ਬੰਦਸ਼ ਬਹੁਤ ਹੀ ਸਿੱਖਿਆਦਾਇਕ ਸਨ। ਸੰਤ ਬਾਬਾ ਨਰੈਣ ਸਿੰਘ ਜੀ ਮੋਨੀ (ਤਪਾ ਦਰਾਜ ਮੋਹਾਲ ਵਾਲੇ ਅਤੇ ਬਾਬਾ ਠਾਕੁਰ ਸਿੰਘ ਦਮਦਮੀ ਟਕਸਲਾ ਮਹਿਤਾ ਚੌਕ ਵਾਲੇ ਅਕਾਲ ਚਲਾਣਾ ਕਰ ਗਏ ਜੋ ਕਿ ਮਹਾਨ ਸਖ਼ਸ਼ੀਅਤਾਂ ਸਨ ਜਿੰਨਾ ਨੇ ਗੁਰਦੁਆਰਾ ਸਾਹਿਬਾਨ ਦਾ ਨਿਰਮਾਣ ਅਤੇ ਗੁਰਬਾਣੀ ਦੀ ਸਿੱਖਿਆ ਤੇ ਸ਼ਬਦ ਕੀਰਤਨ ਸਿਖਾਉਣ ਲਈ ਮਹਾਨ ਵਿਦਿਆਲਾ ਬਣਾਇਆ, ਬਹੁਤ ਸਾਰੇ ਰਾਗੀ ਵਿਦਵਾਨ ਪੈਦਾ ਕੀਤੇ, ਪ੍ਰਮਾਤਮਾ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ, ਮੁਕਤਸਰ*

♦ ਹਰ ਮਹੀਨੇ ਪਿਆਰੇ 'ਅੰਮ੍ਰਿਤ ਕੀਰਤਨ' ਰਾਹੀਂ ਆਪ ਜੀ ਨਾਲ ਸਾਂਝ ਰਹਿੰਦੀ ਹੈ। 'ਅੰਮ੍ਰਿਤ ਕੀਰਤਨ' ਦਾ ਹਰ ਲੇਖ ਆਪਣੀ ਪੱਧਰ ਤੇ ਬਹੁਤ ਹੀ ਭਾਵ ਭਰੇ ਖਿਆਲਾਂ ਨਾਲ ਡੂੰਘੀ ਜਾਣਕਾਰੀ ਦਿੰਦਾ ਹੈ। ਜਿਸ ਤੋਂ ਅਸੀਂ ਬਹੁਤ ਕੁਝ ਪ੍ਰਾਪਤ ਕਰ ਕੇ ਜੀਵਨ ਨੂੰ ਸੁਖੀ ਤੇ ਖੁਸ਼ੀਆਂ ਭਰਿਆ ਬਣਾ ਸਕਦੇ ਹਾਂ। ਆਪ ਜੀ ਤੇ ਇਸ ਪਰਚੇ ਵਿਚ ਸਹਿਯੋਗ ਦੇਣ ਵਾਲੇ ਧੰਨਤਾ ਦੇ ਯੋਗ ਹਨ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਆਪ ਜੀ ਨੂੰ ਚੰਗੀ ਸਿਹਤ, ਲੰਮੀ ਉਮਰ ਤੇ ਹਿੰਮਤ ਬਲ ਬਖਸ਼ਣ ਤੇ ਆਪ ਜੀ ਆਪਣੇ ਇਸ ਕਾਰਜ ਵਿਚ ਸੇਵਾ ਕਰਦੇ ਰਹੋ।

*- ਨਰਿੰਦਰ ਪਾਲ ਸਿੰਘ*

*ਕੇਜੀ-1/21, ਵਿਕਾਸਪੁਰੀ, ਨਵੀਂ ਦਿੱਲੀ 110 018*

## ਕਰਉ ਬੇਨੰਤੀਆ

### ਫੇਰ ਦੀਆ ਦੇਹੁਰਾ ਨਾਮੇ ਕਉ

ਪਿਛਲੇ ਮਹੀਨੇ ਆਪਣੇ ਪਰਿਵਾਰ ਨਾਲ ਦੱਖਣੀ ਭਾਰਤ ਦੇ ਕੁਝ ਇਤਿਹਾਸਕ ਸਥਾਨਾਂ ਦੀ ਯਾਤਰਾ ਤੇ ਗਏ ਸਾਂ। ਸੰਤ ਬਾਬਾ ਸ਼ਿਵਚਰਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਰਦਾਰ ਸੁਰਿੰਦਰ ਸਿੰਘ ਅਤੇ ਬੀਬੀ ਸੀਮਾ ਕੌਰ ਨੇ ਸਾਨੂੰ ਪਿਆਰ ਅਤੇ ਸਤਿਕਾਰ ਪੂਰਬਕ ਯਾਤਰਾ ਕਰਵਾਈ। ਅਸੀਂ ਗੁਰਦੁਆਰਾ ਨਾਨਕ ਝੀਰਾ, ਸਚਖੰਡ ਹਜ਼ੂਰ ਸਾਹਿਬ ਦੀ ਯਾਤਰਾ ਦੇ ਨਾਲ-ਨਾਲ ਭਗਤ ਨਾਮ ਦੇਵ ਜੀ ਦੇ ਨਾਲ ਸੰਬੰਧਤ ਉਸ ਮੰਦਰ ਵਿਚ ਵੀ ਗਏ ਜਿਸ ਦਾ ਮੂੰਹ ਨਾਮਦੇਵ ਜੀ ਦੇ ਕੀਰਤਨ ਕਰਨ ਨਾਲ ਫਿਰ ਗਿਆ।

ਕਿਹਾ ਜਾਂਦਾ ਹੈ ਕਿ ਨਾਮਦੇਵ ਜੀ ਉਸ ਮੰਦਰ ਵਿਚ ਕੀਰਤਨ ਕਰਨਾ ਚਾਹੁੰਦੇ ਸਨ ਪਰ ਉਚੀ ਜਾਤੀ ਦੇ ਬ੍ਰਾਹਮਣਾਂ ਨੇ ਨਾਮਦੇਵ ਨੂੰ ਕੀਰਤਨ ਕਰਨ ਤੋਂ ਰੋਕਿਆ। ਨਾਮਦੇਵ ਮੰਦਰ ਦੇ ਪਿਛਲੇ ਪਾਸੇ ਬੈਠ ਕੇ ਕੀਰਤਨ ਕਰਨ ਲੱਗ ਪਏ। ਇਸ ਸਮੇਂ ਭਗਵਾਨ ਨੇ ਆਪਣੇ ਭਗਤ ਨੂੰ ਦਰਸ਼ਨ ਦੇਣ ਲਈ ਮੰਦਰ ਦਾ ਮੂੰਹ ਹੀ ਫੇਰ ਦਿੱਤਾ। ਇਸ ਘਟਨਾ ਦਾ ਜ਼ਿਕਰ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ ਜੋ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ:

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥*
*ਲੈ ਕਮਲੀ ਚਲਿਓ ਪਲਟਾਇ ॥*
*ਦੇਹੁਰੇ ਪਾਛੈ ਬੈਠਾ ਜਾਇ ॥੨॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥*
*ਭਗਤ ਜਨਾ ਕਉ ਦੇਹਰਾ ਫਿਰੈ ॥੩॥* (ਭੈਰਉ, ਪੰਨਾ 1164)

ਇਕ ਹੋਰ ਸ਼ਬਦ ਵਿਚ ਵੀ ਇਸ ਘਟਨਾ ਨੂੰ ਬਿਆਨਿਆ ਗਿਆ ਹੈ:

*ਮੋਕਉ ਤੂੰ ਨਾ ਬਿਸਾਰਿ, ਤੂ ਨ ਬਿਸਾਰਿ ॥*
*ਤੂ ਨ ਬਿਸਾਰੇ ਰਾਮਈਆ ॥੨॥ ਰਹਾਉ ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ, ਮੁਝ ਊਪਰਿ ਸਭ ਕੋਪਿਲਾ ॥*
*ਸੂਦ ਸੂਦ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠਲਾ ॥੨॥*
*ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ ॥*
*ਏ ਪੰਡੀਆ ਮੋ ਕਉ ਢੇਢ ਕਹਤ, ਤੇਰੀ ਪੈਜ ਪਿਛਉਡੀ ਹੋਇਲਾ ॥੨॥*
*ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤ ਹੈ, ਅਤਿਭੁਜ ਭਇਓ ਅਪਾਰਲਾ ॥*
*ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥੩॥* (ਮਲਾਰ, ਪੰਨਾ 1292)

ਭਗਤ ਨਾਮ ਦੇਵ ਜੀ ਦਾ ਇਹ ਮੰਦਰ ਨਾਗਨਾਥ ਦੇ ਮੰਦਰ ਦੇ ਸਾਹਮਣੇ ਬਣਿਆ ਹੋਇਆ ਹੈ। ਉਥੇ ਪੰਡਤਾਂ ਨੇ ਦੱਸਿਆ ਕਿ ਇਸ ਮੰਦਰ ਦਾ ਮੂੰਹ ਫਿਰਿਆ ਹੋਇਆ ਹੈ। ਨਾਮਦੇਵ ਦੇ ਮੰਦਰ ਵਿਚ ਕਈ ਭਗਤ ਬੈਠੇ ਹੋਏ ਸਨ ਜਿਹਨਾਂ ਨੂੰ ਨਾਮਦੇਵ ਜੀ ਦੀ ਬਾਣੀ ਦਾ ਪਾਠ ਸਿਖਾਇਆ ਜਾ ਰਿਹਾ ਸੀ।

ਭਗਤ ਜੀ ਦੇ ਦੋਵੇਂ ਸ਼ਬਦ ਪੜ੍ਹ ਕੇ ਮੇਰਾ ਧਿਆਨ ਆਪਣੇ ਗੁਰਦੁਆਰਾ ਸਾਹਿਬਾਨ ਵੱਲ ਚਲਾ ਗਿਆ। ਅਸੀਂ ਕਈ ਥਾਵਾਂ 'ਤੇ ਮਰਯਾਦਾ ਦੇ ਨਾਮ ਹੇਠ ਕੀਰਤਨ ਕਰਨ ਵਾਲੇ ਕੁਝ ਸ਼ਰਧਾਲੂਆਂ ਅਤੇ ਬੀਬੀਆਂ 'ਤੇ ਕੀਰਤਨ ਕਰਨ ਦੀ ਪਾਬੰਦੀ ਲਗਾ ਰਹੇ ਹਾਂ। ਪ੍ਰਸ਼ਨ ਉਠਦਾ ਹੈ ਕਿ ਕਿਤੇ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਇਹਨਾਂ ਸ਼ਬਦਾਂ ਦੀ ਭਾਵਨਾ ਦੇ ਉਲਟ ਕੰਮ ਤਾਂ ਨਹੀਂ ਕਰ ਰਹੇ। ਵਾਹਿਗੁਰੂ ਮਿਹਰ ਕਰੇ ਕਿ ਅਸੀਂ ਇਤਨੇ ਫਰਾਖਦਿਲ ਹੋਈਏ ਤਾਂ ਜੋ ਉਸ ਨੂੰ ਹੋਰ ਮੰਦਰ ਫੇਰਨ ਦੀ ਲੋੜ ਮਹਿਸੂਸ ਨਾ ਹੋਵੇ।

# ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ

ਗਿਆਨੀ ਗੁਰਚਰਨ ਸਿੰਘ 'ਕੰਵਲ' : ਪੁਸਤਕ 'ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ' 'ਚੋਂ ਧੰਨਵਾਦ ਸਹਿਤ

ਕਾਦਰ ਕਰਤੇ ਨੇ ਜਦੋਂ ਬ੍ਰਹਮੰਡ ਰਚਿਆ ਉਸ ਬ੍ਰਹਿਮੰਡ ਵਿਚੋਂ ਜਿਵੇਂ ਉਸ ਦੀ ਕੁਦਰਤ ਦੇ ਨਜ਼ਾਰੇ ਝਲਕਾਰੇ ਮਾਰਨ ਲੱਗ ਪਏ। ਉਨ੍ਹਾਂ ਨਜ਼ਾਰਿਆਂ ਵਿਚੋਂ ਸੰਗੀਤ ਵੀ ਛਣਕਾਰੇ ਲਿਸ਼ਕਾਰੇ ਮਾਰਨ ਲੱਗ ਪਿਆ ਸੀ। ਰਾਗ ਦਾ ਅਰਥ ਪ੍ਰੇਮ ਵੀ ਹੈ। *"ਸਾਚ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ"* (ਅਕਾਲ ਉਸਤਤ ਸ੍ਵੈਯੇ।) ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਦਾ ਤਰੀਕਾ ਪ੍ਰੇਮ ਹੀ ਹੈ। ਇੰਜ ਪ੍ਰਤੀਤ ਹੁੰਦਾ ਹੈ ਰਾਗ (ਪ੍ਰੇਮ) ਦੇ ਭੁੱਖੇ ਗੋਬਿੰਦ ਨੇ ਆਪਣੇ ਰਸਿਕ ਮਨ ਦੀ ਤ੍ਰਿਪਤੀ ਲਈ ਅਥਵਾ ਪ੍ਰੇਮ ਦਾ ਸੁਆਦ ਮਾਨਣ ਲਈ ਸਾਰੀ ਪ੍ਰਕਿਰਤੀ ਵਿਚ ਹੀ ਸੰਗੀਤ ਸਮੋ ਦਿੱਤਾ ਸੀ ਮਾਨੋ ਕਾਦਰ ਨੇ ਕੁਦਰਤ ਤੇ ਸੰਗੀਤ ਨੂੰ ਤਾਣੇ ਪੇਟੇ ਦੀ ਤਰ੍ਹਾਂ ਇਕ ਰੂਪ ਇਕ ਜਾਨ ਬਣਾ ਦਿੱਤਾ ਸੀ। ਸਭ ਤੋਂ ਪਹਿਲਾਂ ਕੇਵਲ ਪਾਣੀ ਦੀ ਰਚਨਾ ਮੰਨੀ ਜਾਂਦੀ ਹੈ। ਪਾਣੀ ਦੀਆਂ ਲਹਿਰਾਂ ਅਤੀ ਸੁਆਦਲੀਆਂ ਸੰਗੀਤਮਈ ਸਨ। ਫਿਰ ਜਿਵੇਂ ਧਰਤੀ ਬਣੀ, ਜੀਵ ਜੰਤ ਤੇ ਬਨਸਪਤੀ ਹੋਂਦ ਵਿਚ ਆਈ ਤਾਂ ਸੰਗੀਤ ਹੋਰ ਉਭਰਿਆ। ਕਰਤੇ ਪੁਰਖ ਨੇ ਚੌਰਾਸੀ ਲੱਖ ਜੂਨਾਂ ਰਚੀਆਂ ਉਨ੍ਹਾਂ ਵਿਚੋਂ ਇਸ ਮਨੁੱਖ ਦੀ ਖੋਪਰੀ ਵਿਚ ਅਮੋਲਕ ਰਤਨ ਜਵਾਹਰ ਮਾਣਿਕ ਪਾ ਕੇ ਇਸ ਨੂੰ ਜੂਨੀਆਂ ਦਾ ਸਰਦਾਰ ਬਣਾ ਦਿੱਤਾ। *'ਮਨ ਤੂੰ ਜੋਤਿ ਸਰੂਪ ਹੈਂ'* (ਆਸਾ ਮਹਲਾ ੩ ਪੰਨਾ ੪੪੧) ਦੇ ਮਹਾਂ ਵਾਕ ਅਨੁਸਾਰ ਉਸ ਪ੍ਰਭੂ ਦੀ ਮਹਾਨ ਅਗੰਮ ਅਨੰਤ ਜੋਤ ਦਾ ਇਕ ਬਹੁਤ ਹੀ ਨਿਕਾ ਜਿਹਾ ਹਿੱਸਾ ਹੋਣ ਕਰਕੇ ਬੰਦੇ ਦੇ ਅੰਦਰ ਵੀ ਰਾਗ ਪ੍ਰੇਮ ਦੀ ਰਸਿਕ ਰੁੱਚੀ ਪੈਦਾ ਹੋ ਜਾਣੀ ਕੁਦਰਤੀ ਗੱਲ ਸੀ। ਇਸ ਰਸਿਕ ਮਨੁੱਖ ਨੇ ਨਦੀਆਂ, ਨਾਲਿਆਂ, ਦਰਿਆਵਾਂ ਤੇ ਸਮੁੰਦਰਾਂ ਦੇ ਪਾਣੀ ਦੀਆਂ ਲਹਿਰਾਂ, ਛੱਲਾਂ ਵਿਚੋਂ ਸੰਗੀਤ ਸੁਣਿਆ। ਪਹਾੜਾਂ ਦੀ ਹਿੱਕ ਵਿਚੋਂ ਫੁੱਟਦੇ ਚਸ਼ਮਿਆਂ ਤੇ ਵਗਦੇ ਝਰਨਿਆਂ ਦੇ ਪਾਣੀ ਦੀ ਕਲ ਕਲ ਵਿਚੋਂ ਸੰਗੀਤ ਰਸ ਮਾਣਿਆ, ਵਗਦੀ ਪੌਣ ਦੀ ਸਰਸਰਾਹਟ ਵਿਚੋਂ ਤੇ ਬਨਸਪਤੀ ਨਾਲ ਪਵਨ ਦੀ ਛੋਹ ਨਾਲ ਜੋ ਅਚਰਜ ਸੰਗੀਤ ਪੈਦਾ ਹੁੰਦਾ ਸੀ ਉਹ ਸਰਵਣ ਕੀਤਾ। ਇਸ ਸਭ ਕਾਸੇ ਦੇ ਵਿਚੋਂ ਮਨੁੱਖ ਨੇ ਚਤੁਰ ਬੁੱਧੀ ਦੇ ਬਲ ਨਾਲ ਕਈ ਭਾਂਤੀ ਦੀਆਂ ਸੁਰਾਂ ਲੱਭ ਲਈਆਂ। ਇਕ ਨਿਕੀ ਜਿਹੀ ਕੀੜੀ ਦੀ ਗੁਣ ਗੁਣ ਤੋਂ ਲੈ ਕੇ ਸ਼ੇਰਾਂ, ਹਾਥੀਆਂ ਦੀਆਂ ਚਿੰਘਾੜਾਂ ਵਿਚੋਂ ਸੁਰਾਂ ਲੱਭ ਲਈਆਂ ਤੇ ਆਪਣੇ ਗਲੇ ਵਿਚੋਂ ਇਨ੍ਹਾਂ ਆਵਾਜ਼ਾਂ ਦਾ ਉਤਰਾ ਚੜਾਅ ਕਰਕੇ ਸੰਗੀਤ ਪ੍ਰਗਟ ਕਰ ਲਿਆ। ਭਾਰਤ ਦੇ ਮਹਾਨ ਸੰਗੀਤਕਾਰ ਬੈਜੂ ਬਾਵਰੇ ਦੇ ਇਕ ਕਬਿਤ ਵਿਚ ਇਸ ਕਥਨ ਦੀ ਪੁਸ਼ਟੀ ਹੋ ਜਾਂਦੀ ਹੈ।

*ਮੋਰ ਹੂੰ ਕੀ ਬਾਤ ਤੇ ਸੁਧਾਰ ਖਰਜ ਬਾਂਧ ਲੀਜੈ*
*ਚਾਤ੍ਰਿਕ ਕੇ ਬੋਲ ਸੇ ਰਿਖਭ ਸੁਰ ਧਰੇ ਹੈਂ।*
*ਅਜਾ ਕੀ ਆਵਾਜ਼ ਸੇ ਗੰਧਾਰ ਕੋ ਉਚਾਰ ਲੀਓ*
*ਕੂੰਜ ਕੇ ਆਲਾਪ ਮੇ ਮਧੱਮ ਸੁਰ ਭਰੇ ਹੈਂ।*
*ਕੋਕਿਲਾ ਕੀ ਕੂਕ ਸੇ ਪੰਚਮ ਤਿਆਰ ਕੀਓ*
*ਧੈਵਤ ਕੀ ਸੇਧ ਸੁਰ ਦਾਦਰ ਕੀ ਸਰੈ ਹੈਂ।*
*ਗੱਜ ਕੀ ਗੂੰਜ ਸੇ ਨਿਖਾਦ ਹੈ ਬਨਾਓ ਗੁਨੀ*
*ਕਹੈ ਬੈਜੂ ਬਾਵਰਾ ਸਪਤ ਸੁਰ ਕਰੈ ਹੈ।*

ਅੱਜ ਦੀ ਸਾਇੰਸ ਨੇ ਤਾਂ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਸਾਰੀ ਪ੍ਰਕਿਰਤੀ ਵਿਚੋਂ ਫੁੱਟ ਰਹੀਆਂ ਸੰਗੀਤ ਮਈ ਆਵਾਜ਼ਾਂ ਦਾ ਅਸਰ ਖੁਦ ਪ੍ਰਕਿਰਤੀ ਉੱਪਰ ਵੀ ਤੇ ਚੌਰਾਸੀ ਲੱਖ ਜੂਨਾਂ ਉੱਪਰ ਹੁੰਦਾ ਆਇਆ ਹੈ ਤੇ ਹੋ ਰਿਹਾ ਹੈ। ਏਸ ਮਨੁੱਖ ਨੇ ਆਪਣਾ ਦੁੱਖ ਸੁੱਖ ਪ੍ਰਗਟ ਕਰਨ ਲਈ ਬੋਲੀ ਰਚੀ ਤੇ ਇਸ ਭਾਸ਼ਾ ਬੋਲੀ ਨੂੰ ਜ਼ਿਆਦਾ ਅਸਰ ਭਰਪੂਰ ਕਰਨ ਲਈ ਕਵਿਤਾ ਰਚੀ ਤੇ ਕਵਿਤਾ ਨੂੰ ਅਤੀ ਪ੍ਰਭਾਵਸ਼ਾਲੀ ਕਰਨ ਲਈ ਰਾਗ ਪੈਦਾ ਕੀਤਾ। ਖੇਤੀਬਾੜੀ ਤੇ ਹੋਰ ਔਖੇ ਕੰਮਾਂ ਵਿਚ ਰੁੱਝੇ ਬੰਦੇ ਨੇ ਕਠਿਨ ਮਿਹਨਤ ਮੁਸ਼ਕਲ ਨਾਲ ਹੋ ਜਾਂਦੀ ਥਕਾਵਟ ਵਿਚ ਸੁਖ ਆਰਾਮ ਪ੍ਰਾਪਤ ਕਰਨ ਦਾ ਉਪਾਵ ਲੱਭ ਲਿਆ। ਕਵਿਤਾ ਨੂੰ ਰਾਗ ਵਿਚ ਪਾ ਕੇ ਹੈਰਾਨ ਕਰ ਦੇਣ ਵਾਲੇ ਅਸਰ ਨਾਲ ਭਰਪੂਰ ਕਰ ਦਿੱਤਾ। ਆਪਣੇ ਮਨ ਦੇ ਭਾਵ ਦੀ ਭਾਸ਼ਾ ਨੂੰ ਕਵਿਤਾ ਦਾ ਰੂਪ ਦੇ ਕੇ ਫਿਰ ਰਾਗ ਵਿਚ ਗਾ ਕੇ ਜਾਂ ਸੁਣ ਕੇ ਕਠਿਨ ਮਿਹਨਤ ਮੁਸ਼ੱਕਤ ਨਾਲ ਪੈਦਾ ਹੋਏ ਅਕੇਵੇਂ ਤੇ ਥਕੇਵੇਂ ਅਤੇ ਹੋਰ ਚਿੰਤਾਵਾਂ ਨੂੰ ਦੂਰ ਕਰਕੇ ਸੁਖ ਆਰਾਮ ਪ੍ਰਾਪਤ ਕਰਨ ਦਾ ਸਾਧਨ ਸੰਗੀਤ ਨੂੰ ਹੀ ਪ੍ਰਤੀਤ ਕੀਤਾ। ਇਸ ਤਰ੍ਹਾਂ ਸੰਗੀਤ ਦੀ ਰੂਪ ਰੇਖਾ ਪ੍ਰਗਟ ਹੋਣ ਅਤੇ ਨਿਖਰਨ ਲੱਗ ਪਈ ਸੀ।

ਸੰਗੀਤ ਦੀ ਈਜਾਦ ਬਾਰੇ ਵੱਖ ਵੱਖ ਮੁਲਕਾਂ ਦੀਆਂ ਬਹੁਤ ਦਿਲਚਸਪ ਵਾਰਤਾਵਾਂ ਹਨ। ਇਸਲਾਮ ਵਿਚ ਇਕ ਕਹਾਣੀ ਹੈ ਕਿ ਹਜ਼ਰਤ ਸੁਲੇਮਾਨ ਨੇ ਫਾਰਸ ਦੇਸ਼ ਵਿਚ ਆਪਣੇ ਇਕ ਸ਼ਾਗਿਰਦ ਹਕੀਤ ਨੂੰ ਤਾਕੀਦ ਕੀਤੀ ਸੀ ਕਿ ਸਵੇਰੇ ਵੱਡੇ ਤੜਕੇ ਦਰਿਆ ਕਿਨਾਰੇ ਜਾਵੇ ਉਥੇ ਉਸ ਨੂੰ ਅਲ੍ਹਾ ਤਾਲਾ ਇਕ ਨਵਾਂ ਇਲਮ ਬਖਸ਼ੇਗਾ। ਇਸ ਸਿੱਖਿਆ ਮੁਤਾਬਿਕ ਉਹ ਹਕੀਮ ਵੱਡੇ ਤੜਕੇ ਦਰਿਆ ਕਿਨਾਰੇ ਗਿਆ। ਦਰਿਆ ਵਿਚੋਂ ਇਕ ਬਹੁਤ ਹੀ ਮਧੁਰ ਆਵਾਜ਼ ਨਿਕਲੀ। ਉਸ ਆਵਾਜ਼ ਵਿਚੋਂ ਉਸ ਹਕੀਮ ਨੇ ਸੰਗੀਤ ਪੈਦਾ ਕਰ ਲਿਆ ਤੇ ਸੰਗੀਤ ਨੂੰ ਹੀ ਰੱਬੀ ਬਖਸ਼ਿਸ਼ ਜਾਣਿਆ ਤੇ ਪੂਰਨ ਭਰੋਸਾ ਕੀਤਾ। ਭਾਰਤ ਵਿਚ ਸੰਗੀਤ ਦਾ ਰਚਨਹਾਰ ਸ੍ਰਿਸ਼ਟੀ ਨੂੰ ਰਚਨ ਵਾਲਾ ਬ੍ਰਹਮਾ ਹੀ ਮੰਨਿਆ ਹੈ। ਸ਼ਿਵਜੀ ਅਤੇ ਨਾਰਦ ਆਦਕਾਂ ਨੇ ਸੰਗੀਤ ਨੂੰ ਬਹੁਤ ਪ੍ਰਚਾਰਿਆ ਸੀ। ਪੌਣ ਪਾਣੀ ਅਥਵਾ ਜੜ੍ਹ ਜੂਨਾਂ ਤੇ ਹਿਲਣ ਜੁਲਣ ਵਾਲੀਆਂ ਜੂਨਾਂ ਦੀਆਂ ਆਵਾਜ਼ਾਂ ਵਿਚੋਂ ਸੁਰਾਂ ਦਾ ਆਪਣੇ ਗਲੇ ਵਿਚੋਂ ਉਤਾਰ ਚੜ੍ਹਾਅ ਕਰਕੇ ਕਈ ਰਾਗ ਤੇ ਤਾਲ ਬੰਦੇ ਨੇ ਈਜ਼ਾਦ ਕਰ ਲਏ। ਸੱਤਾਂ ਸੁਰਾਂ, ਤੀਬਰ ਕੋਮਲ ਸੁਰਾਂ ਅਤੇ ਬਹੁਤ ਸਾਰੇ ਰਾਗਾਂ ਦੇ ਪ੍ਰਗਟ ਹੋਣ ਬਾਰੇ ਇਕ ਹੋਰ ਕਥਾ ਵੀ ਹੈ। ਇਕ ਕੁਕੂਨਸ ਨਾਮ ਦਾ ਜਾਨਵਰ ਕੋਹੇ ਕਾਫ ਤੇ ਰਹਿੰਦਾ ਹੈ। ਉਹ ਪੰਛੀ ਨਾ ਨਰ ਹੈ ਤੇ ਨਾ ਮਦੀਨ। ਉਸ ਦੇ ਗਲੇ ਵਿਚ ਸੱਤ ਸੁਰਾਖ ਹਨ ਇਨ੍ਹਾਂ ਸੱਤਾਂ ਤੋਂ ਇਲਾਵਾ ਗਲੇ ਵਿਚ ਹੀ ਹੇਠਾਂ ਉਪਰ ਹੋਰ ਵੀ ਤਿੰਨ ਸੌ ਸੱਠ ਸੁਰਾਖ ਹਨ ਉਨ੍ਹਾਂ ਸਾਰਿਆਂ ਛੇਕਾਂ ਵਿਚੋਂ ਵੱਖ ਵੱਖ ਭਾਂਤ ਦੀਆਂ ਆਵਾਜ਼ਾਂ ਨਿਕਲਦੀਆਂ ਹਨ ਉਨ੍ਹਾਂ ਵੱਖ ਵੱਖ ਭਾਂਤ ਦੀਆਂ ਆਵਾਜ਼ਾਂ ਵਿਚੋਂ ਹੀ ਤੀਬਰ ਤੇ ਕੋਮਲ ਸੁਰਾਂ ਵਾਲੇ ਅਨਿਕ ਭਾਂਤ ਦੇ ਰਾਗ ਬਣ ਜਾਂਦੇ ਹਨ। ਸੱਤਾਂ ਸੁਰਾਖਾਂ ਵਿਚੋਂ ਨਿਕਲਦੀਆਂ ਆਵਾਜ਼ਾਂ ਨਾਲ ਸੰਪੂਰਨ ਰਾਗ ਬਣ ਜਾਂਦਾ ਹੈ ਤੇ ਛੇ ਸ਼ੇਕਾਂ ਵਿਚੋਂ ਖੌੜਵ ਅਤੇ ਪੰਜਾਂ ਛੇਕਾਂ ਵਿਚੋਂ ਔੜਵ ਰਾਗ ਬਣਦਾ ਹੈ। ਹੇਠਲੇ ਉਤਲੇ ਤਿੰਨ ਸੌ ਸੱਠ ਸੁਰਾਖਾਂ ਵਿਚੋਂ ਨਿਕਲਦੀਆਂ ਭਿੰਨ-ਭਿੰਨ ਆਵਾਜ਼ਾਂ ਨਾਲ ਭਿੰਨ-ਭਿੰਨ ਰਾਗ ਬਣ ਜਾਂਦੇ ਹਨ। ਉਸ ਪੰਛੀ ਦੀ ਉਮਰ ਇਕ ਹਜ਼ਾਰ ਸਾਲ ਮੰਨੀ ਜਾਂਦੀ ਹੈ। ਜਦੋਂ ਉਸ ਦਾ ਅੰਤ ਸਮਾਂ ਆਉਂਦਾ ਹੈ ਉਹ ਜੰਗਲ ਵਿਚੋਂ ਹੀ ਛੋਟੀਆਂ ਛੋਟੀਆਂ ਲੱਕੜਾਂ ਦੇ ਤਿਣਕੇ ਇਕੱਠੇ ਕਰਕੇ ਇਕ ਢੇਰ ਬਣਾ ਲੈਂਦਾ ਹੈ। ਉਸ ਢੇਰੀ ਦੇ ਲਾਗੇ ਉਹ ਮਸਤੀ ਵਿਚ ਨੱਚਦਾ ਹੈ ਤੇ ਕਈ ਭਾਂਤ ਦੇ ਸੁਰੀਲੇ ਰਾਗ ਅਲਾਪਦਾ ਹੈ। ਅੰਤ ਵਿਚ ਉਸ ਦੇ ਗਲੇ ਵਿਚੋਂ ਐਸਾ ਰਾਗ ਨਿਕਲਦਾ ਹੈ ਜਿਸ ਦੀ ਤਪਸ਼ ਨਾਲ ਹੀ ਉਸ ਲੱਕੜੀ ਦੇ ਤਿਣਕਿਆਂ ਦੇ ਢੇਰ ਨੂੰ ਅੱਗ ਲੱਗ ਜਾਂਦੀ ਹੈ ਤੇ ਉਸੇ ਅੱਗ ਵਿਚ ਹੀ ਮਸਤੀ ਵਿਚ ਗਾਉਂਦਾ ਗਾਉਂਦਾ ਉਹ ਪੰਛੀ ਸੜ ਮਰਦਾ ਹੈ, ਉਸੇ ਆਵਾਜ਼ ਨੂੰ ਦੀਪਕ ਰਾਗ ਮੰਨਿਆ ਹੈ। ਉਸ ਲਕੜੀ ਦੇ ਢੇਰ ਦੀ ਸੜ ਕੇ ਸੁਵਾਹ ਦੀ ਢੇਰੀ ਬਣ ਜਾਂਦੀ ਹੈ। ਜਦੋਂ ਉਸ ਉੱਪਰ ਬਾਰਸ਼ ਬਰਸਦੀ ਹੈ ਤਾਂ ਉਸ ਸਵਾਹ ਦੇ ਢੇਰ ਵਿਚੋਂ ਇਕ ਆਂਡਾ ਬਣ ਜਾਂਦਾ ਹੈ। ਵੀਹ ਦਿਨਾਂ ਪਿਛੋਂ ਉਸ ਆਂਡੇ ਵਿਚੋਂ ਪੰਛੀ ਜਨਮ ਲੈਂਦਾ ਹੈ ਤੇ ਇਸ ਤਰ੍ਹਾਂ ਉਸ ਪੰਛੀ ਦੀ ਅੰਸ਼ ਚਲਦੀ ਰਹਿੰਦੀ ਹੈ। ਸੋ ਇਸ ਤਰ੍ਹਾਂ ਸੰਗੀਤ ਦੀ ਈਜਾਦ ਬਾਰੇ ਵੱਖੋ-ਵੱਖ ਦੇਸ਼ਾਂ ਤੇ ਵੱਖੋ-ਵੱਖ ਕੌਮਾਂ ਦੀਆਂ ਰਾਵਾਂ ਹਨ। ਖੈਰ ਕਿਸੇ ਤਰ੍ਹਾਂ ਵੀ ਸੰਗੀਤ ਈਜਾਦ ਹੋਇਆ ਇਸ ਦਾ ਜਾਦੂਨੁਮਾ ਅਸਰ ਚੁਰਾਸੀ ਲੱਖ ਜੂਨਾਂ ਉੱਪਰ ਹੀ ਹੁੰਦਾ ਹੈ ਤੇ ਹੋ ਰਿਹਾ ਹੈ ਤੇ ਕਿਆਮਤ ਤੱਕ ਹੁੰਦਾ ਰਹੇਗਾ। ਚਾਰੇ ਵੇਦ ਤੇ ਛੇ ਸ਼ਾਸਤਰ, ਅਠਾਰਾਂ ਪੁਰਾਨ, ਸਤਾਈ ਸਿਮਰਤੀਆਂ ਦੇ ਲਿਖਤ ਵਿਚ ਆਉਣ ਤੋਂ ਪਹਿਲਾਂ ਹੀ ਬੇਅੰਤ ਰਾਗ ਤੇ ਤਾਲ ਰਚੇ ਜਾ ਚੁੱਕੇ ਸਨ। ਸਬੂਤ ਵਜੋਂ ਉਹਨਾਂ ਗ੍ਰੰਥਾਂ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ। ਮੇਰੀ ਸਰੋਤ ਖੋਜ ਤੇ ਸਮਝ ਮੁਤਾਬਿਕ ਸੰਗੀਤ ਦੇ ਅਥਾਹ ਸਾਗਰ ਵਿਚ ਜਿਤਨੀ ਡੂੰਘੀ ਚੁੱਭੀ ਭਾਰਤ ਦੇ ਸੰਗੀਤਕਾਰਾਂ ਨੇ ਮਾਰੀ ਹੈ ਉਤਨੀ ਹੋਰ ਦੇਸ਼ਾਂ ਦੇ ਸੰਗੀਤਕਾਰ ਨਹੀਂ ਮਾਰ ਸਕੇ। ਇਸ ਸੰਗੀਤ ਸਾਗਰ ਦੀਆਂ ਗਹਿਰਾਈਆਂ ਵਿਚੋਂ ਅਨਮੋਲ ਸੰਗੀਤ ਰੂਪੀ ਮੋਤੀਆਂ ਦੀਆਂ ਸਿੱਪੀਆਂ ਨੂੰ ਕੇਵਲ ਭਾਰਤ ਦੇ ਸੰਗੀਤਕਾਰ ਮਰਜੀਵੜੇ ਬਣਕੇ ਹੀ ਪ੍ਰਾਪਤ ਕਰ ਸਕੇ ਹਨ ਤੇ ਉਹਨਾਂ ਰਾਗ ਰਤਨਾਂ ਨੂੰ ਦੁਨੀਆਂ ਦੇ ਲੋਕਾਂ ਵਿਚ ਵੰਡ ਕੇ ਮਾਲਾ ਮਾਲ ਤੇ ਨਿਹਾਲ ਕਰ ਸਕੇ ਹਨ। ਭਾਰਤੀ ਗਵੱਯੀਆਂ ਨੇ ਆਪਣੇ ਆਪਣੇ ਸੰਗੀਤਕ ਮਤ ਚਲਾਏ ਤੇ ਬੇਅੰਤ ਨਵੇਂ ਨਵੇਂ ਰਾਗ ਈਜਾਦ ਕੀਤੇ। ਸੰਗੀਤ ਦੀ ਅਹਿਮੀਅਤ ਬਾਰੇ ਤਾਂ ਕਹਿੰਦੇ ਹਨ ਕਿ ਪਰਮੇਸ਼ਰ ਨੇ ਨਾਰਦ ਮੁਨੀ ਨੂੰ ਕਿਹਾ ਸੀ ਕਿ ਨਾ ਮੈਂ ਕਿਸੇ ਸਵਰਗ ਵਿਚ ਰਹਿੰਦਾ ਹਾਂ ਤੇ ਨਾ ਹੀ ਜੋਗੀਆਂ ਦੇ ਦਿਲ ਵਿਚ ਰਹਿੰਦਾ ਹਾਂ, ਮੇਰਾ ਨਿਵਾਸ ਤਾਂ ਉਸ ਥਾਂ ਹੈ ਜਿਥੇ ਮੇਰੇ ਭਗਤ ਸੁਰੀਲਾ ਸੰਗੀਤ ਗਾਉਂਦੇ ਸੁਣਦੇ ਹਨ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਏਹੋ ਕਿਹਾ ਕਰਦੇ ਸਨ ਕਿ ਮਰਦਾਨਿਆਂ ਰਬਾਬ ਵਜਾ ਬਾਣੀ ਆਈ ਹੈ, ਇਸ ਬਾਣੀ ਨੂੰ ਰਾਗ ਵਿਚ ਗਾਇਨ ਕਰਕੇ ਆਪਣੇ ਸ਼ੌਹ ਅਕਾਲ ਪੁਰਖ ਦੀ ਸੇਜਾ ਦਾ ਸੁਆਦ ਮਾਣ ਲਈਏ। ਇਕ ਪ੍ਰਸਿਧਿ ਕਵੀ ਜਾਰਜ ਮੇਰੀ ਡਿੱਥ ਨੇ ਰੱਬ

ਦੀਆਂ ਬਖਸ਼ਿਸ਼ਾਂ ਵਿਚੋਂ ਸਭ ਤੋਂ ਦੁਰਲਭ ਬਖਸ਼ਿਸ਼ ਅਤੀ ਸੁੰਦਰ ਤੇ ਸੁਸ਼ੀਲ ਔਰਤ ਦੀ ਪ੍ਰਾਪਤੀ ਦੱਸਿਆ ਸੀ ਪਰ ਉਸਦੇ ਉੱਤਰ ਵਿਚ ਇਕ ਅਤੀ ਪਰੀ ਨੁਮਾ ਸੁੰਦਰ ਨਾਰੀ ਨੇ ਕਿਹਾ ਸੀ ਕਿ ਇਸ ਤੋਂ ਵੀ ਦੁਰਲਭ ਰੱਬੀ ਬਖਸ਼ਿਸ਼ ਹੈ ਸੁਰੀਲੇ ਸੰਗੀਤ ਦੀ ਪ੍ਰਾਪਤੀ।

ਦੁਨੀਆਂ ਦੀਆਂ ਪ੍ਰਸਿੱਧ ਮਹਾਨ ਸ਼ਖਸੀਅਤਾਂ ਦੇ ਸੰਗੀਤ ਬਾਰੇ ਇਹ ਵੀਚਾਰ ਹਨ:- ਜਿਸ ਬੰਦੇ ਦੇ ਹਿਰਦੇ ਵਿਚ ਸੰਗੀਤ ਦੀ ਕੋਈ ਝਲਕ ਨਹੀਂ ਅਥਵਾ ਸੁੰਦਰ ਸੰਗੀਤ ਦਾ ਅਸਰ ਜਿਸ ਦੇ ਦਿਲ ਉਪਰ ਨਾ ਹੁੰਦਾ ਹੋਵੇ ਉਹ ਮਨੁੱਖ ਭੈੜੀਆਂ ਜੂਨਾਂ ਤੋਂ ਵੀ ਬੁਰਾ ਅਤੀ ਖੂਨ ਖਾਰ ਡਾਕੂ ਤੇ ਲੁਟੇਰਾ ਹੀ ਹੋ ਸਕਦਾ ਹੈ।

(ਸ਼ੈਕਸਪੀਅਰ)

ਮੇਰੀ ਬੀਮਾਰੀ ਜਿਤਨੀ ਜਲਦੀ ਸੁਰੀਲੇ ਸੰਗੀਤ ਸੇ ਦੂਰ ਹੋ ਸਕਤੀ ਹੈ ਉਤਨੀ ਜਲਦੀ ਕਿਸੀ ਔਸ਼ਧੀ ਸੇ ਨਹੀਂ ਦੂਰ ਹੋ ਸਕਤੀ।

(ਮਹਾਤਮਾ ਗਾਂਧੀ)

ਜਹਾਂ ਸੁਰੀਲਾ ਸੰਗੀਤ ਹੋਤਾ ਹੈ ਵਹਾਂ ਮੈਂ ਆਪਣੇ ਆਪ ਕੋ ਖੋ ਬੈਠਤੀ ਹੂੰ।

(ਲਤਾ ਮੰਗੇਸ਼ਕਰ)

ਸੂਰ ਕੀ ਠੋਕਰ ਖਾ ਕਰ ਪੱਥਰ ਵੀ ਪਾਨੀ ਹੋ ਸਕਤਾ ਹੈ।

(ਉਸਤਾਦ ਬਿਸਮਿੱਲਾ ਖਾਂ)

ਸੁਰ ਕੀ ਮਾਰ ਬੜੀ ਬਿਕਟ ਹੋਤੀ ਹੈ।

(ਉਸਤਾਦ ਅਮੀਰ ਖਾਂ)

ਰਾਗ ਤੂੰ ਕਿਸ ਮੋਹਨੀ ਦੇ ਰੂਪ ਦਾ ਸ਼ਿੰਗਾਰ ਹੈਂ
ਤੂੰ ਕਿਸ ਬਹਿਸ਼ਤੀ ਹੂਰ ਦੀ ਪਾਜ਼ੇਬ ਦਾ ਛਿਣਕਾਰ ਹੈਂ
ਸਿਰ ਝੁਕਦਾ ਹੈ ਹੁਸੀਨਾਂ ਦਾ ਤੇਰੀ ਦਹਿਲੀਜ਼ ਤੇ ਇਤਿਆਦਿਕ

(ਲਾਲਾ ਧਨੀ ਰਾਮ ਚਾਤ੍ਰਿਕ)

ਸੂਰ ਕੇ ਪ੍ਰਭਾਵ ਸੇ ਮੈਨੇ ਹਿੰਸਕ ਸ਼ੇਰ ਕੋ ਐਸਾ ਮੁਗਧ ਕਰ ਦੀਆ ਥਾ ਕਿ ਉਸ ਕੀ ਆਖੋਂ ਸੇ ਕੁੱਤੇ ਜੈਸੀ ਮੁਹੱਬਤ ਟਪਕਨੇ ਲਗੀ ਥੀ।

(ਓਅੰਕਾਰ ਨਾਥ ਠਾਕੁਰ)

# ਗੁਰਮਤਿ ਸੰਗੀਤ - ਸਿਧਾਂਤ ਅਤੇ ਸਰੂਪ

ਡਾ. ਜਤਿੰਦਰ ਸਿੰਘ ਖੰਨਾ : 'ਸਮਾਜਕ ਵਿਗਿਆਨ ਪੱਤਰ' 'ਚੋਂ ਧੰਨਵਾਦ ਸਹਿਤ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਤੌਰ 'ਤੇ ਸੰਗੀਤ ਦੀ ਵਿਆਕਰਣ ਦਾ ਗ੍ਰੰਥ ਨਹੀਂ ਹਨ। ਜਦੋਂ ਇਕ ਤੋਂ ਵੱਧ ਧਰਮਾਂ ਨੇ ਸੰਗੀਤ ਰਾਹੀਂ ਭਗਤੀ ਕਰਨ ਦੀ ਆਗਿਆ ਬਖਸ਼ੀ ਤਾਂ ਵਖਰੇਵਾਂ ਕਰਨ ਹਿਤ ਸਿੱਖ ਸੰਗੀਤ, ਸਿੱਖ ਧਰਮ ਦਾ ਸੰਗੀਤ ਅਤੇ ਸਿੱਖ ਸੰਗੀਤ ਵਰਗੇ ਸ਼ਬਦ ਹੋਂਦ ਵਿਚ ਆਏ। ਜੇ ਆਦਿ ਗ੍ਰੰਥ ਦੀ ਭਾਸ਼ਾ ਨੂੰ ਆਧਾਰ ਬਣਾਈਏ ਤਾਂ ਸਿੱਖ ਸੰਗੀਤ ਲਈ ਮੁੱਢਲੇ ਅਤੇ ਆਧਾਰ-ਭੂਤ ਸ਼ਬਦ ਹੋਣਗੇ -ਕੀਰਤਨ, ਸਿੱਖ ਕੀਰਤਨ, ਗੁਰਬਾਣੀ ਕੀਰਤਨ, ਬਾਣੀ-ਗਾਇਨ, ਸ਼ਬਦ-ਗਾਇਨ, ਗੁਰਬਾਣੀ ਗਾਇਨ ਅਤੇ ਸ਼ਬਦ ਪੜ੍ਹਨਾ ਆਦਿ। ਅਜੋਕੇ ਸਮੇ ਵਿਚ ਗੁਰਮਤਿ-ਸੰਗੀਤ ਅਤੇ ਨਿਰਧਾਰਿਤ ਰਾਗਾਂ ਵਿਚ ਸ਼ਬਦ ਗਾਇਨ ਵਰਗੇ ਸ਼ਬਦ ਸਗੋਂ ਕੀਰਤਨ ਨਾਲੋਂ ਵੀ ਵੱਧ ਪ੍ਰਚਾਰ ਪਾ ਗਏ ਕਿਉਂਕਿ ਆਦਿ ਗ੍ਰੰਥ ਵਿਚ ਵਿਸ਼ੇਸ਼ ਸ਼ਬਦਾਂ ਦੀ ਜ਼ਰੂਰਤ ਨਹੀਂ।

ਕੋਈ ਇਹ ਵੀ ਕਹਿ ਸਕਦਾ ਹੈ ਕਿ ਗੁਰਮਤਿ ਸੰਗੀਤ ਤਾਂ ਸਿੱਖ ਪਰੰਪਰਾ ਨਾਲੋਂ ਟੁੱਟਿਆ ਸ਼ਬਦ ਹੈ। ਇਹ ਤਾਂ ਹਿੰਦੂ ਸੰਗੀਤ ਦੇ ਸ਼ਿਵ ਜਾਂ ਸੁਮੇਸ਼ਵਰ ਮੱਤ, ਭਰਤ ਮੱਤ, ਹਨੂਮਾਨ ਜਾਂ ਹਨੂਮਾਨ ਮੱਤ, ਕ੍ਰਿਸ਼ਨ ਜਾਂ ਕੱਲੀਨਾਥ ਮੱਤ ਅਤੇ ਰਾਗ ਅਰਨਵ ਮੱਤ ਨਾਲ ਆਦਿ ਗ੍ਰੰਥ ਦੇ ਅੰਤ ਵਿਚ ਲਿਖੀ ਕਾਵਿ ਰੂਪ ਮਾਲਾ ਦਾ ਮੁਕਾਬਲਤਨ ਨਿਖੇੜ ਪ੍ਰਸਤੁਤ ਕਰਨ ਹਿੱਤ ਬਣਾਇਆ ਗਿਆ ਸ਼ੀ। ਪਰ ਵਸਤੂ ਸਥਿਤੀ ਇਸ ਦੇ ਬਿਲਕੁਲ ਵਿਪਰੀਤ ਹੈ ਕਿਉਂਕਿ ਸਿੱਖ ਧਰਮ ਦੇ ਮੋਕਲੇ ਦਿੱਸ ਹੱਦਿਆਂ ਵਿਚ ਬਹੁਤ ਕੁਝ ਸਮਾ ਲੈਣ ਦੀ ਸਮਰੱਥਾ ਹੈ। ਹਿੰਦੂ ਧਰਮ ਦੇ ਵਿਸ਼ਾਲ ਸਮੁੰਦਰ ਵਿਚ 800 ਵਰ੍ਹਿਆਂ ਤੀਕ ਇਕ ਜਵਾਰਭਾਟਾ ਬੜੇ ਵੇਗ ਨਾਲ ਆਉਂਦਾ ਰਿਹਾ ਜਿਸ ਨੂੰ ਇੰਦੂ ਭੂਸ਼ਣ ਬੈਨਰਜੀ ਵਰਗੇ ਇਤਿਹਾਸਕਾਰਾਂ ਨੇ ਭਗਤੀ ਕਾਲ ਜਾਂ ਭਗਤੀ ਅੰਦੋਲਨ ਦਾ ਨਾਮ ਦਿੱਤਾ। ਜਿਹੜੀਆਂ ਭਗਤੀ ਲਹਿਰਾਂ ਸਮਾਜਿਕ ਨੇਕੀ ਦੇ ਚੰਨ ਪ੍ਰਤੀ ਉੱਛਲ-ਉੱਛਲ ਕੇ ਪ੍ਰਭਾਵਿਤ ਹੋਈਆਂ, ਉਹ ਅੰਤ ਨੂੰ ਮੌਜੂਦ ਸਮਾਜਿਕ ਬੁਰਾਈਆਂ ਨੂੰ ਹੀ ਗਲ ਲਾ ਕੇ ਹਿੰਦੂ ਸਮੁੰਦਰ ਵਿਚ ਸਮਾ ਗਈਆਂ ਪਰ ਗੁਰੂ ਨਾਨਕ ਰਾਹੀਂ ਪੰਜਾਬ ਵਿਚ ਜਗਤ-ਜਲੰਦੇ ਨੂੰ ਤਾਰਨ ਹਿੱਤ ਜਿਹੜਾ ਕਾਰਜ ਸੁਲਤਾਨਪੁਰ ਦੀ ਵੇਈਂ ਨਦੀ ਵਿਚ ਤਿੰਨ ਦਿਨ ਤੱਕ ਡੁੱਬੇ ਰਹਿਣ ਤੇ ਕਿਸੇ ਲੋਧੀ ਦੇ ਮੋਦੀਖਾਨੇ ਵਿਚ ਸੌਦਾ ਤੋਲਦੇ ਬਾਲਕੇ ਨੇ ਅਰੰਭਿਆ, ਉਹ ਹਿੰਦੂ ਸਮੁੰਦਰ ਦੇ ਤੱਟ ਕੰਢੇ ਤੋੜ ਕੇ ਰੇਤ ਵਿਚੋਂ ਦੀ ਆਪਣੀ ਜਗ੍ਹਾ ਨਿਰਧਾਰਿਤ ਕਰਦੇ ਹੋਏ ਇਕ ਅੱਡਰੀ ਮਹਾਂਨਦੀ ਦੇ ਰੂਪ ਵਿਚ ਵਹਿਣ ਲੱਗਾ।

ਨੌਵੀਂ ਸਦੀ ਵਿਚ ਕੁਮਾਰਲ ਭੱਟ ਅਤੇ ਸ਼ੰਕਰ ਆਚਾਰੀਆ ਨੇ ਜਿਹੜੀ ਭਗਤੀ ਜੋਤ ਬਾਲੀ, ਉਹ ਸੰਨ 1708 ਈਸਵੀ ਤੀਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੀਕ ਲੱਟ-ਲੱਟ ਭੱਖਦੀ ਰਹੀ। ਸਿੱਖ ਧਰਮ ਵਿਚ ਸਦੀਵੀ ਤੌਰ ਤੇ ਗੁਰਬਾਣੀ ਦੀ ਲਾਟ ਮੱਘਦੀ ਹੈ ਅਤੇ ਇਸ ਨੂੰ ਨਿੱਘ ਪ੍ਰਦਾਨ ਕਰਦਾ ਹੈ ਸੰਗੀਤ ਦੇ ਸੁਰਾਂ ਦਾ ਸੇਕ। ਫਿਰ ਇਸ ਦਾ ਨਾਮ ਕੀਰਤਨ ਵੀ ਹੋ ਸਕਦਾ ਹੈ ਅਤੇ ਗੁਰਮਤਿ ਸੰਗੀਤ ਵੀ।

### ਗੁਰਮਤਿ ਸੰਗੀਤ ਦੀ ਪਰਿਭਾਸ਼ਾ

ਗੁਰਮਤਿ ਸੰਗੀਤ ਦੇ ਅਮੁੱਕ ਘੇਰੇ ਦੇ ਅੰਤਰਗਤ ਸਿਧਾਂਤਾਂ ਦੀ ਅਸੀਮ ਪਰਿਧੀ ਅਤੇ ਬੇਹੱਦ ਚੌੜਾ ਵਿਆਸ ਮੌਜੂਦ ਹੈ ਜੋ ਹੱਦ ਤੋਂ ਬੇਹੱਦ ਅਤੇ ਸਥੂਲ ਤੋਂ ਸੂਖਮ ਵੱਲ ਦਾ ਦੋ-ਮੁਖਾ ਅਤੇ ਉਲਟੀਆਂ ਦਿਸ਼ਾਵਾਂ ਵਿਚ ਚੱਲਣ ਵਾਲਾ ਨਿਰੰਤਰ ਸਫਰ ਜਾਰੀ ਰੱਖੇ ਹੋਏ ਹੈ। ਇਸ ਲਈ ਗੁਰਮਤਿ ਦੇ ਸਿਧਾਂਤ ਤਾਂ ਸਦੀਵੀ ਹਨ ਪਰ ਗੁਰਮਤਿ ਸੰਗੀਤ ਦੇ ਸਰੂਪ ਵਿਚ ਸਮੇਂ ਸਮੇਂ ਤੇ ਭਿੰਨਤਾ ਦੇਖੀ ਜਾ ਸਕਦੀ ਹੈ। ਜਿਵੇਂ, ਜੇ ਇਹ ਮੰਨ ਕੇ ਚੱਲੀਏ ਕਿ ਧਾਰਮਿਕ ਸੰਗੀਤ ਭਰਤ ਦੇ ਨਾਟਿਯ-ਸ਼ਾਸਤਰ ਦੀ ਸੰਗੀਤ ਪੱਧਤੀ ਦਾ ਮਾਰਗ ਜਾਂ ਮਾਰਗੀ ਜਾਂ ਗੰਧਰਵ ਸੰਗੀਤ ਹੈ, ਅਪਰਿਵਰਤਨਸ਼ੀਲ ਅਤੇ ਅਟੱਲ ਹੈ ਤਾਂ ਗੁਰਮਤਿ ਅਰਥਾਤ ਗੁਰਬਾਣੀ ਜ਼ਰੂਰ ਮਾਰਗੀ ਕਹੀ ਜਾ ਸਕਦੀ ਪਰ ਇਸ ਦੀ ਵਿਆਖਿਆ ਜੋ ਕਥਾ ਦੇ ਰੂਪ ਵਿਚ ਕੀਤੀ ਜਾਂਦੀ ਹੈ ਹਮੇਸ਼ਾ ਇਕੋ ਜਿਹੀ ਨਹੀਂ ਹੁੰਦੀ ਜਦ ਕਿ ਮਾਰਗੀ ਸੰਗੀਤ ਕਰੜੇ ਨਿਯਮਾਂ ਵਿਚ ਬੰਨ੍ਹਿਆ ਗਿਆ ਹੈ।

ਜੇ ਗੁਰਮਤਿ ਸੰਗੀਤ ਨੂੰ ਗਾਨ ਜਾਂ ਦੇਸੀ ਸੰਗੀਤ ਕਹੀਏ ਤਾਂ ਇਹ ਇਕ ਪਾਸੇ ਤਾਂ ਪਰਿਵਰਤਨਸ਼ੀਲ ਹੈ ਪਰ ਦੂਜੇ ਪਾਸੇ ਆਪਣੇ ਲਕਸ਼ ਤੋਂ ਭਟਕਦਾ ਨਹੀਂ ਅਤੇ ਭੋਗ ਵਿਲਾਸ ਦੀ ਵਸਤੂ ਨਹੀਂ ਬਣਦਾ। ਜੇ ਮਾਤਾ ਦੀਆਂ ਭੇਟਾਂ

ਵਾਂਗ ਮਾਤਾ ਦੀ ਉਸਤਤੀ ਉੱਤੇ ਫਿਲਮੀ ਗਾਣਿਆਂ ਦੀਆਂ ਧੁਨਾਂ ਛਾ ਜਾਣ ਤਾਂ ਇਹ ਕੀਰਤਨ ਨਹੀਂ ਪਰ ਜੇ ਵਾਰਾਂ ਉੱਤੇ ਲਿਖੀਆਂ ਧੁਨੀਆਂ ਆਪਣਾ ਮੂਲ ਸਰੂਪ ਲੋਕਾਂ ਨੂੰ ਭੁਲਾ ਦੇਣ ਤੇ ਗੁਰੂ ਘਰ ਦੇ ਸ਼ਬਦ ਅਗੇਰੇ ਆ ਜਾਣ ਤਾਂ ਫਿਰ ਇਸ ਦੀ ਕੋਈ ਮਨਾਹੀ ਨਹੀਂ ਸਗੋਂ ਅਲਾਹੁਣੀਆਂ, ਸੋਹਲੇ, ਘੋੜੀਆਂ, ਕੁਚੱਜੀ ਅਤੇ ਸੁਚੱਜੀ ਆਦਿ ਸ਼ਬਦ ਲੋਕ ਰੰਗ ਦੇ ਹੋਣ ਤੇ ਵੀ ਗੁਰਬਾਣੀ ਦਾ ਅਟੁੱਟ ਹਿੱਸਾ ਹਨ।

ਗੁਰਮਤਿ ਕੀਰਤਨ ਲੋਕ ਸੰਗੀਤ ਵੀ ਹੈ ਅਤੇ ਸ਼ਾਸਤਰੀ ਸੰਗੀਤ ਵੀ ਕਿਉਂਕਿ ਕੀਰਤਨੀਏ ਰਾਗ ਗਾਣ ਕਾਰਨ ਹੀ ਰਾਗੀ ਅਤੇ ਰਬਾਬੀ ਅਖਵਾਉਂਦੇ ਹਨ ਪਰ ਉੱਚੀ ਹੇਕ ਨਾਲ ਵਾਰਾਂ ਗਾਣ ਵਾਲੇ ਢਾਡੀ ਵੀ ਤਾਂ ਹਨ। ਗੁਰੂ ਨਾਨਕ ਸਾਹਿਬ ਨੇ ਤਾਂ ਆਪਣੇ ਆਪ ਨੂੰ ਸਗੋਂ ਢਾਡੀ ਅਖਵਾਉਣਾ ਬਿਹਤਰ ਸਮਝਿਆ ਹੈ। ਲਿਖਦੇ ਹਨ, *"ਹਉ ਢਾਡੀ ਵੇਕਾਰ ਕਾਰੇ ਲਾਇਆ।"*

ਇਸ ਪਾਸੇ ਤਾਂ ਕੀਰਤਨ ਨਿਰਧਾਰਿਤ ਰਾਗਾਂ ਵਿਚ ਭਾਵ ਜਿਸ ਰਾਗ ਦਾ ਸਿਰਲੇਖ ਜਿਸ ਸ਼ਬਦ ਉੱਤੇ ਦਰਜ ਹੈ ਉਸ ਰਾਗ ਦੇ ਸੁਰਾਂ ਨੂੰ ਬਿਨਾਂ ਬਦਲੇ ਗਾਉਣ ਵਾਲੇ ਰਾਗੀ ਮੌਜੂਦ ਹਨ ਅਤੇ ਦਾਅਵਾ ਕਰਦੇ ਹਨ ਕਿ ਉਨ੍ਹਾਂ *ਆਸਾ* ਰਾਗ ਨੂੰ ਆਧੁਨਿਕ ਸਰੂਪ ਵਿਚ ਪਿਛਲੇ 500 ਵਰ੍ਹਿਆਂ ਤੀਕ ਸਾਂਭਿਆ ਹੈ। ਪਰ ਦੂਜੇ ਪਾਸੇ ਹਰਿਮੰਦਰ ਸਾਹਿਬ ਦੀਆਂ ਸੰਗੀਤ ਪਰੰਪਰਾਵਾਂ ਵਿਚ ਸ੍ਰੀ ਰਾਗ ਦੇ ਦੋ ਪ੍ਰਕਾਰ ਭਾਰਤ ਦੇ ਸੰਗੀਤ ਦੇ ਇਤਿਹਾਸ ਦੇ ਉੱਤਰ ਮੱਧ ਕਾਲ ਦੇ ਰਾਗਾਂ ਦੇ ਤਬਦੀਲ ਹੁੰਦੇ ਜਾਂਦੇ ਸਰੂਪ ਨਾਲ ਤੁਰੇ ਹਨ ਜਿਵੇਂ ਸ੍ਰੀ ਰਾਗ ਦਾ ਮੂਲ ਪ੍ਰਕਾਰ ਹੈ - ਸਾ, ਰੇ, <u>ਗ</u>, ਮ, ਪ, ਧ, <u>ਨੀ</u>, ਸਾਂ (ਕਾਫੀ ਅੰਗ) ਅਤੇ ਪਰਿਵਰਤਿਤ ਪ੍ਰਕਾਰ ਹੈ - ਸਾ, <u>ਰੇ</u>, ਮੇ, ਪ, ਨੀ, ਸਾਂ, ਨੀ, <u>ਧੁ</u>, ਪ, ਮੇ, ਗ, <u>ਰੇ</u>, -, ਸਾ (ਪੂਰਵੀ ਅੰਗ)।

ਇਕ ਪਾਸੇ ਤਾਂ ਕੀਰਤਨ ਨਿਰੋਲ ਗਾਣਾ ਹੈ ਪਰ ਦੂਜੇ ਪਾਸੇ ਸਾਜ਼ਾਂ ਦੀ ਸੰਗਤ ਵੀ ਕੀਰਤਨ ਦੀ ਸ਼ਾਨ ਹੈ ਅਤੇ ਇਨ੍ਹਾਂ ਦਾ ਸੁਤੰਤਰ ਵਾਦਨ ਵੀ ਕੀਰਤਨ ਦਾ ਅੰਗ ਹੈ ਤਾਂ ਹੀ ਤਾਂ ਰਾਗੀ ਤੰਤੀ ਸਾਜ਼ਾਂ ਨਾਲ ਵੀ ਕੀਰਤਨ ਕਰਦੇ ਸਨ ਅਤੇ ਹੁਣ ਹਾਰਮੋਨੀਅਮ ਅਤੇ ਕੀ-ਬੋਰਡ (ਸਿੰਥਸਾਇਜ਼ਰ) ਵੀ ਵਰਤਦੇ ਹਨ ਅਤੇ ਸਾਜ਼ਾਂ ਕਾਰਨ ਹੀ ਕੀਰਤਨੀਆਂ ਨੂੰ ਰਬਾਬ ਤੋਂ ਰਬਾਬੀ ਅਤੇ ਢੱਡ ਤੋਂ ਢਾਡੀ ਕਿਹਾ ਜਾਂਦਾ ਹੈ ਪਰ ਹਰ ਥਾਂ ਤੇ ਇਹ ਸੂਤਰ ਲਾਗੂ ਨਹੀਂ ਹੁੰਦਾ ਕਿਉਂਕਿ ਰਾਗੀ ਸਿੰਘਾਂ ਨੂੰ ਤਾਊਸ ਅਤੇ ਸਾਰੰਦਾ ਸਾਜ਼ਾਂ ਕਾਰਨ ਤਾਊਸੀਏ ਅਤੇ ਸਾਰੰਦੀਏ ਨਹੀਂ ਬੁਲਾਇਆ ਜਾਂਦਾ।

**ਗੁਰਬਾਣੀ**

ਗੁਰਮਤਿ ਸੰਗੀਤ ਦਾ ਕੇਂਦਰ ਬਿੰਦੂ ਗੁਰਬਾਣੀ ਹੈ। ਇਸ ਦੀ ਲਗ-ਮਾਤਰ ਨੂੰ ਤਬਦੀਲ ਕਰਨ ਦੀ ਮਨਾਹੀ ਹੈ। ਇਕ ਵਰਗੀਕਰਨ ਅਨੁਸਾਰ ਗੁਰਬਾਣੀ ਦੀਆਂ ਚਾਰ ਸ਼੍ਰੇਣੀਆਂ ਹਨ:

**1. ਨਿਰੋਲ ਬਾਣੀ :** ਇਸ ਨੂੰ ਸ਼ੁੱਧ ਬਾਣੀ ਵੀ ਕਹਿੰਦੇ ਹਨ। ਇਸ ਦੇ ਅੰਤਰਗਤ ਆਦਿ-ਗ੍ਰੰਥ ਅਤੇ ਦਸਮ-ਗ੍ਰੰਥ ਵਿਚ ਦਰਜ ਬਾਣੀ ਆਉਂਦੀ ਹੈ। ਬਾਣੀ ਦੇ ਰਚਨਹਾਰਿਆਂ ਦੇ ਨਾਵਾਂ ਤੋਂ ਪਹਿਲੇ ਜਾਂ ਬਾਅਦ ਵਿਚ ਜਿਹੜੇ ਲਫਜ਼ ਅਤੇ ਲਕਬ ਆਦਰ-ਹਿੱਤ ਵਰਤੇ ਜਾਂਦੇ ਹਨ ਉਨ੍ਹਾਂ ਬਾਰੇ ਭਿੰਨਤਾ ਹੋਣ ਤੇ ਵੀ ਕੋਈ ਵਿਵਾਦ ਨਹੀਂ ਜਿਵੇਂ ਗੁਰੂ ਰਵਿਦਾਸ ਜੀ ਕਹੀਏ ਜਾਂ ਸੰਤ ਰਵਿਦਾਸ ਜੀ, ਕੋਈ ਫਰਕ ਨਹੀਂ ਪੈਂਦਾ।

ਗੁਰੂ ਨੂੰ ਛੱਡ ਕੇ ਆਦਿ-ਗ੍ਰੰਥ ਦੀਆਂ ਬਾਣੀਕਾਰਾਂ ਦੀ ਹੋਰ ਬਾਣੀ ਜੋ ਆਦਿ-ਗ੍ਰੰਥ ਵਿਚ ਦਰਜ ਨਹੀਂ, ਵੀ ਮਿਲਦੀ ਹੈ। ਇਹ ਸਿੱਖਾਂ ਨੂੰ ਕਬੂਲ ਨਹੀਂ ਪਰ ਇਨ੍ਹਾਂ ਦੇ ਸਿੱਖਾਂ ਤੋਂ ਇਲਾਵਾ ਹੋਰ ਦੂਜੇ ਪੈਰੋਕਾਰ ਵੀ ਮੌਜੂਦ ਹਨ ਜਿਵੇਂ ਕਬੀਰ-ਪੰਥੀਏ ਆਦਿ। ਇਹ ਮੰਨਦੇ ਹਨ ਕਿ ਕੇਵਲ ਆਦਿ-ਗ੍ਰੰਥ ਦੀ ਬਾਣੀ ਹੀ ਮੂਲ ਹੈ ਜੋ ਸਿੱਖਾਂ ਨੇ ਜਾਨ ਹੂਲ ਕੇ ਵੀ ਸਾਂਭੀ ਹੈ ਪਰ ਕਬੀਰ ਜੀ ਦੀ ਆਦਿ-ਗ੍ਰੰਥ ਤੋਂ ਬਾਹਰੀ ਬਾਣੀ ਅਸਲੀ ਜਾਂ ਨਕਲੀ ਹੋ ਸਕਦੀ ਹੈ।

ਸਮੁੱਚਾ ਸਿੱਖ ਜਗਤ ਜੇ ਜੁੜ ਕੇ ਬੈਠੇ ਤਾਂ ਇਹ ਨਿਸ਼ਚਾ ਹੋ ਸਕਦਾ ਹੈ ਕਿ ਕੀ ਦਸਮ-ਗ੍ਰੰਥ ਦੀ ਬਾਣੀ ਵਿਚ ਕੋਈ ਰਲਾ ਹੈ ਤੇ ਕੀ ਇਸ ਨੂੰ ਸ਼ੁੱਧ ਕਰਨ ਦੀ ਲੋੜ ਹੈ? ਪਰ ਇਹ ਬੜੇ ਨਾਜ਼ੁਕ ਵਿਸ਼ੇ ਹਨ ਜੋ ਬਹੁਤ ਸੋਚ ਸਮਝ ਕੇ ਛੇੜਨੇ ਚਾਹੀਦੇ ਹਨ। ਸਮਾਜਿਕ ਮਾਨਤਾਵਾਂ ਪਿਛੋਕੜ ਤੱਕ ਪੁੱਜਣ ਹਿੱਤ ਚਰਚਾ ਅਤੇ ਖੋਜ ਦਾ ਵਿਸ਼ਾ ਹੋ ਸਕਦੀਆਂ ਹਨ। ਇਨ੍ਹਾਂ ਨੂੰ ਮੁੜ-ਮੁੜ ਖੰਘਾਲਿਆ ਜਾ ਸਕਦਾ ਹੈ ਪਰ ਬਹੁਤੀ ਵਾਰ ਇਨ੍ਹਾਂ ਸਥਾਪਿਤ ਹੋ ਚੁੱਕੀਆਂ ਕਦਰਾਂ-ਕੀਮਤਾਂ ਨੂੰ ਮੇਟਣਾ ਬਹੁਤਾ ਲਾਹੇਵੰਦਾ ਨਹੀਂ ਹੁੰਦਾ ਕਿਉਂਕਿ ਇਹ ਵਿਗਿਆਨ ਨਹੀਂ। ਇਨ੍ਹਾਂ ਦੇ ਬਣੇ ਰਹਿਣ ਨਾਲ ਵਿਗੜਦਾ ਕੁਝ ਨਹੀਂ ਪਰ ਟੁੱਟ ਜਾਣ ਨਾਲ ਦਿਲ ਟੁੱਟ ਜਾਂਦੇ ਨੇ। ਭਗਤੀ ਵਿਚ ਸੱਚ ਤਾਂ ਹੈ ਪਰ ਸ਼ਰਧਾ ਵੀ ਹੈ।

**2. ਪ੍ਰਮਾਣਿਕ ਬਾਣੀ ਗੁਰੂ ਗ੍ਰੰਥ ਸਾਹਿਬ :** ਵਾਰਾਂ ਭਾਈ ਗੁਰਦਾਸ, ਦਸਮ ਗ੍ਰੰਥ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਪ੍ਰਮਾਣਿਕ ਹੈ ਅਤੇ ਇਸ ਨੂੰ ਸਿੱਖ ਧਰਮ ਦੀ ਕੁੰਜੀ

ਕਹਿੰਦੇ ਹਨ।

3. **ਸਧਾਰਨ ਬਾਣੀ :** ਸਿੱਖ ਇਤਿਹਾਸ ਅਤੇ ਦਰਸ਼ਨ ਦੀ ਗਾਥਾ ਕਹਿਣ ਵਾਲੇ ਗੀਤ ਅਤੇ ਵਾਰਾਂ ਆਦਿ ਸਧਾਰਨ ਬਾਣੀ ਹੈ ਪਰ ਇਨ੍ਹਾਂ ਦਾ ਗਾਇਨ ਸ੍ਰੀ ਹਰਿਮੰਦਰ ਸਾਹਿਬ ਵਰਗੇ ਗੁਰਦੁਆਰਿਆਂ ਵਿਚ ਨਹੀਂ ਕੀਤਾ ਜਾਂਦਾ ਪਰ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ ਵਿਚ ਵਾਰਾਂ ਗਾਈਆਂ ਜਾ ਸਕਦੀਆਂ ਹਨ।

4. **ਕੱਚੀ ਬਾਣੀ :** ਆਦਿ-ਗ੍ਰੰਥ ਤੋਂ ਬਾਹਰੀ ਗੁਰੂਆਂ ਦੀ ਜੇ ਕੋਈ ਬਾਣੀ ਪ੍ਰਚਲਿਤ ਹੈ ਤਾਂ ਉਹ ਕੱਚੀ ਬਾਣੀ ਹੈ ਤੇ ਸਿੱਖਾਂ ਨੂੰ ਕਬੂਲ ਨਹੀਂ ਸਗੋਂ ਉਨ੍ਹਾਂ ਲਈ ਬੇਲੋੜੀ ਅਤੇ ਫਜ਼ੂਲ ਹੈ। ਪੰਚਮ-ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਪ੍ਰਥਮ ਬੀੜ ਨੂੰ ਖਾਰੀ ਬੀੜ ਕਹਿ ਕੇ ਤ੍ਰਿਸਕਾਰ ਦਿੱਤਾ ਸੀ।

ਗਾਇਨ

ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਇਸ ਨੂੰ ਗਾਇਨ ਦੇ ਲੜ ਲਾਇਆ ਗਿਆ। ਇਹ ਵੀ ਕਿਹਾ ਜਾ ਸਕਦਾ ਹੈ ਕਿ ਗਾਇਨ ਨੂੰ ਗੁਰਬਾਣੀ ਦੇ ਲੜ ਲਾਇਆ ਗਿਆ ਤਾਂ ਜੋ ਅਸ਼ਲੀਲ ਬੰਦਸ਼ਾਂ ਨੂੰ ਗਾਇਨ ਵਿਚੋਂ ਮਨਫੀ ਕੀਤਾ ਜਾ ਸਕੇ। ਗਾਇਨ ਗੁਰਬਾਣੀ ਤੇ ਹਾਵੀ ਨਹੀਂ ਹੋਣਾ ਚਾਹੀਦਾ ਇਸ ਲਈ ਬੋਲ-ਵੰਡ ਅਰਥਾਂ ਨੂੰ ਸਾਹਮਣੇ ਰੱਖ ਕੇ ਬੜੇ ਸੁਚੱਜੇ ਢੰਗ ਨਾਲ ਹੋਣੀ ਚਾਹੀਦੀ ਹੈ। ਰਾਗ ਗੁਰਬਾਣੀ ਦੀ ਸ਼ਾਨ ਹਨ ਪਰ ਰਾਗ ਅਲਾਪ, ਤਾਨਾਂ, ਬੋਲ-ਅਲਾਪ, ਸਰਗਮ ਅਤੇ ਨਿਰਾਰਥਕ ਤਿਹਾਈਆਂ ਓਦੋਂ ਤੱਕ ਹੀ ਫੱਬਣਗੀਆਂ ਜਦੋਂ ਤੱਕ ਸ਼ਬਦ ਸੰਗਤ ਨੂੰ ਸਪਸ਼ਟ ਸੁਣਾਈ ਦੇਣਗੇ। ਜਬੜੇ ਦੀ ਤਾਨ ਅਤੇ ਬੋਲ ਵਿਗਾੜ ਪੈਦਾ ਕਰਨ ਵਾਲੇ ਗਮਕ ਦੇ ਪ੍ਰਕਾਰ ਜੇ ਸ਼ਬਦਾਂ ਨੂੰ ਖਾ ਜਾਣ ਤਾਂ ਕੀਰਤਨ ਵਿਚ ਇਨ੍ਹਾਂ ਦਾ ਕੋਈ ਸਥਾਨ ਨਹੀਂ। ਤਿਹਾਈਆਂ ਸਾਰਥਕ ਹੋਣੀਆਂ ਚਾਹੀਦੀਆਂ ਹਨ। ਕੰਠ ਦੀ ਸੁਰ-ਸੀਮਾ ਨਾਲ ਪਹਿਲਵਾਨੀ ਕਰਨ ਦੀ ਲੋੜ ਕੀਰਤਨ ਵਿਚ ਕਦੀ ਵੀ ਨਹੀਂ ਭਾਸਦੀ। ਤਾਰ ਸਪਤਕ ਦੀਆਂ ਚੀਕਾਂ ਅਤੇ ਮੰਦਰ ਸਪਤਕ ਦੀਆਂ ਕਦੀ ਨਾ ਸੁਨਣ ਵਾਲੀਆਂ ਗਹਿਰਾਈਆਂ ਵਿਚ ਡੁਬਣਾ ਫਜ਼ੂਲ ਹੈ। ਸਪਤਕ ਵਿਸਥਾਰ ਸ਼ਬਦਾਂ ਦੀ ਸਪਸ਼ਟਤਾ ਨੂੰ ਕਾਇਮ ਰੱਖ ਕੇ ਹੀ ਕਰਨਾ ਚਾਹੀਦਾ ਹੈ।

ਇਹ ਠੀਕ ਹੈ ਕਿ ਆਦਿ-ਗ੍ਰੰਥ ਵਿਚ ਇਕ ਤੱਤਕਰਾ ਰਾਗਾਂ ਅਨੁਸਾਰ ਕੀਤਾ ਗਿਆ ਹੈ ਪਰ ਇਹ ਸਿੱਖ ਕੌਮ ਦੀ ਮਰਜ਼ੀ ਹੈ ਕਿ ਕੀਰਤਨ ਨਿਰਧਾਰਿਤ ਰਾਗਾਂ ਵਿਚ ਕੀਤਾ ਜਾਵੇ ਜਾਂ ਰਾਗ ਪ੍ਰਕਾਰਾਂ ਵਿਚ ਹੋਵੇ। ਜੇ ਆਦਿ-ਗ੍ਰੰਥ ਵਿਚ ਇਕ ਸ਼ਬਦ ਰਾਗ ਕਾਨ੍ਹੜਾ ਵਿਚ ਦਰਜ ਹੈ ਤਾਂ ਵੱਖ ਵੱਖ ਘਰਾਣੇ ਅਤੇ ਟਕਸਾਲਾਂ ਦੇ ਗਵੱਈਏ ਸੁਰਾਂ ਦੇ ਪੱਖੋਂ ਇਸ ਨੂੰ ਅਲੱਗ ਅਲੱਗ ਢੰਗਾਂ ਰਾਹੀਂ ਗਾ ਸਕਦੇ ਹਨ, ਜਿਵੇਂ ਅੱਜ ਕਾਨ੍ਹੜੇ ਦਾ ਅਰਥ ਰਾਗ ਨਾਇਕੀ ਕਾਨ੍ਹੜਾ ਤੋਂ ਲਿਆ ਜਾ ਸਕਦਾ ਹੈ। ਕੋਈ ਇਸ ਨੂੰ ਦਰਬਾਰੀ ਕਾਨ੍ਹੜਾ ਰਾਗ ਵੀ ਮੰਨ ਸਕਦਾ ਹੈ। ਕੋਈ ਹੋਰ ਇਹ ਵੀ ਕਹਿ ਸਕਦਾ ਹੈ ਕਿ ਇਹ ਸ਼ੁੱਧ-ਕਾਨ੍ਹੜਾ ਹੈ ਜਿਸ ਵਿਚ ਧ ਵਰਜਿਤ ਹੈ, ਨਹੀ ਦੋਨੋਂ ਹਨ, ਗ ਕੋਮਲ ਹੈ ਅਤੇ ਬਾਕੀ ਸੁਰ ਸ਼ੁੱਧ ਹਨ।

ਆਦਿ-ਗ੍ਰੰਥ ਦੇ ਅੰਤ ਤੇ ਦਰਜ ਰਾਗ ਮਾਲਾ ਦਾ ਸਵਾਲ ਗੁਰਮਤਿ ਸੰਗੀਤ ਨੂੰ ਕੋਈ ਢਾਹ ਲਾਉਣ ਵਾਲਾ ਨਹੀਂ ਹੈ ਕਿਉਂਕਿ ਇਹ ਪ੍ਰਸ਼ਨ ਪੁੱਛਣਾ ਤੇ ਫਿਰ ਇਸ ਦਾ ਧਰਾਤਲਹੀਨ ਉੱਤਰ ਬਿਨਾਂ ਕਿਸੇ ਖੋਜ ਦੀ ਕਸਵੱਟੀ ਤੇ ਬਗੈਰ ਪਰਖੇ ਦੇਣਾ ਬੇਹੱਦ ਨਿਰਮੂਲ ਅਤੇ ਹਾਸੋਹੀਣਾ ਲੱਗਦਾ ਹੈ। ਕਿਉਂਕਿ ਖੋਜ ਪੱਤਰ ਮੰਗ ਕਰਦਾ ਹੈ ਪਰ ਕੋਈ ਨਿਜੀ ਤੌਰ ਤੇ ਗਿਣ-ਗਿਣ ਕੇ ਬਦਲੇ ਨਾ ਲਵੇ ਇਸ ਲਈ ਕੇਵਲ ਇਤਨਾ ਲਿਖਣਾ ਚਾਹੁੰਦਾ ਹਾਂ ਕਿ ਦਿੱਲੀ ਵਿਸ਼ਵ-ਵਿਦਿਆਲੇ ਦੇ ਸੰਗੀਤ ਵਿਭਾਗ ਦੇ ਅੰਤਰਗਤ ਪੀ. ਐਚ. ਡੀ. ਦੀ ਉਪਾਧੀ ਹਿੱਤ ਡਾ. ਅਜੀਤ ਸਿੰਘ ਪੈਂਤਲ ਦੇ ਨਿਰਦੇਸ਼ਨ ਵਿਚ ਸੰਪੂਰਨ ਕੀਤੇ ਗਏ ਦੋ ਖੋਜ ਪ੍ਰਬੰਧਾਂ ਵਿਚ (ਜੋ ਬਾਅਦ ਵਿਚ ਦੋ ਪੁਸਤਕਾਂ ਦੀ ਸ਼ਕਲ ਵਿਚ ਛਪ ਚੁੱਕੇ ਹਨ) ਲਿਖਿਆ ਗਿਆ, "ਆਦਿ-ਗ੍ਰੰਥ ਵਿਚ ਤਤਕਰਾ 31 ਰਾਗਾਂ ਦਾ ਹੈ ਗੁਰੂ ਨਾਨਕ ਸਾਹਿਬ ਨੇ ਕੇਵਲ 19 ਰਾਗਾਂ ਵਿਚ ਬਾਣੀ ਰਚੀ ਕਿਉਂਕਿ ਗੁਰੂ ਸਾਹਿਬਾਨ ਰਾਗੀਆਂ ਨੂੰ ਬਹੁਤਿਆਂ ਰਾਗਾਂ ਦੇ ਭੰਬਲ-ਭੂਸੇ, ਜੰਜਾਲ ਅਤੇ ਵਬਾਲ ਦੇ ਬੋਝ ਹੇਠ ਦੱਬਣਾ ਨਹੀਂ ਸਨ ਚਾਹੁੰਦੇ।" ਇਸਦਾ ਅਰਥ ਤਾਂ ਇਹ ਹੋਇਆ ਕਿ ਕੀਰਤਨ ਵਿਚ ਅੱਜ ਜਿਹੜੇ ਸ਼ਬਦ ਪੜਤਾਲ, ਤਾਲ-ਕਚਹਿਰੀ, ਵਾਦ-ਵ੍ਰਿੰਦ, ਸਾਜ਼ੀਨਿਆ, ਰਾਗ ਮਾਲਾ, ਰਾਗਾਂ ਦੇ ਗੁਲਦਸਤੇ ਅਤੇ ਰਾਗ ਸਾਗਰ ਦੇ ਆਧਾਰ ਤੇ ਗਾਏ ਜਾਂਦੇ ਹਨ, ਉਹ ਸਿੱਖ ਸੰਗੀਤ ਨਹੀਂ। ਜੇ ਅੰਦਾਜ਼ਾ ਹੀ ਲਾਉਣਾ ਸੀ ਤਾਂ ਇਹ ਵੀ ਲਿਖਿਆ ਜਾ ਸਕਦਾ ਸੀ ਕਿ 31 ਰਾਗ ਮਹੀਨੇ ਦੇ 31 ਦਿਨਾਂ ਤੋਂ ਪ੍ਰਭਾਵਿਤ ਹੋ ਕੇ ਲਏ ਗਏ ਜਾਂ ਗੁਰੂ ਨਾਨਕ ਸਾਹਿਬ ਨੇ ਜਿਸ ਰਾਗ ਰਸ ਸਿਧਾਂਤ ਨੂੰ ਸਵੀਕਾਰਿਆ, ਉਹ (ਰਾਗ਼ ਰਸ ਸਿਧਾਂਤ) ਉਨ੍ਹਾਂ ਦੀ ਸਮੁੱਚੀ ਬਾਣੀ ਨੂੰ 19 ਰਾਗਾਂ ਦੇ ਚੌਖਟੇ ਵਿਚ ਹੀ ਜੜ ਸਕਦਾ ਸੀ।

ਆਦਿ-ਗ੍ਰੰਥ ਵਿਚ ਰਾਗਾਂ ਦੇ ਸੁਰ ਨਹੀਂ ਦਿੱਤੇ ਗਏ।

ਕੋਈ ਅਜਿਹੀ ਪੁਸਤਕ ਪ੍ਰਾਪਤ ਨਹੀਂ ਹੁੰਦੀ ਜਿਹੜੀ ਗੁਰੂਆਂ ਦੇ ਕਿਸੇ ਸਮਕਾਲੀ ਲੇਖਕ ਨੇ ਲਿਖੀ ਹੋਵੇ ਅਤੇ ਜਿਸ ਨੂੰ ਗੁਰੂ ਕਾਲ ਦੇ ਰਾਗਾਂ ਦੇ ਸੁਰ ਦਿੱਤੇ ਹੋਣ। ਕੋਈ ਅਜਿਹਾ ਗ੍ਰੰਥ ਵੀ ਨਹੀਂ ਮਿਲਦਾ ਜਿਹੜਾ ਸਿੱਖ ਸੰਗੀਤ ਦੇ ਰਾਗਾਂ ਦਾ ਇਤਿਹਾਸਿਕ ਸਰਵੇਖਣ ਸੁਰਾਂ ਦੇ ਪੱਖੋਂ ਪੇਸ਼ ਕਰਦਾ ਹੋਵੇ। ਇਸ ਲਈ ਸਾਰੇ ਪ੍ਰਸ਼ਨਾਂ ਦਾ ਹੱਲ ਨਾ ਲੱਭਣ ਤੇ ਵੀ ਗੁਰਮਤਿ ਸੰਗੀਤ ਦੀ ਖੁਸ਼ਬੋਈ ਘੱਟ ਨਹੀਂ ਹੁੰਦੀ ਪਰ ਸਿਧਾਂਤਹੀਨ ਅਤੇ ਆਧਾਰਹੀਨ ਤੱਥ ਨਹੀਂ ਦੇਣੇ ਚਾਹੀਦੇ ਜਿਵੇਂ - ਕੀ ਗੌੜੀ ਗੁਆਰੇਰੀ ਰਾਗ ਹੈ? ਜੇ ਹਾਂ ਤਾਂ ਇਸ ਦੇ ਸੁਰ ਕਿਹੜੇ ਹਨ? ਕੀ ਗੁਆਰੇਰੀ ਕੋਈ ਰਾਗ ਹੈ? ਜੇ ਹਾਂ ਤਾਂ ਕੀ ਗੌੜੀ+ਗੁਆਰੇਰੀ= ਗੌੜੀ ਗੁਆਰੇਰੀ ਬਣਦਾ ਹੈ? ਗੁਰਬਾਣੀ ਵਕਤ ਦੇ ਸੰਗੀਤ ਵਿਚ ਗਾਈ ਜਾਣੀ ਚਾਹੀਦੀ ਹੈ। ਇਸ ਦੀ ਪਵਿੱਤਰ ਮਹਿਕ ਕਿਸੇ ਵੀ ਤਰ੍ਹਾਂ ਘੱਟ ਜਾਂ ਖਤਮ ਨਹੀਂ ਹੋਣੀ ਚਾਹੀਦੀ ਪਰ ਇਸ ਦਾ ਅਰਥ ਇਹ ਨਹੀਂ ਕਿ ਗੁਰਬਾਣੀ ਵਿਚ ਪੱਛਮ ਦਾ ਸ਼ੋਰ-ਸ਼ਰਾਬੇ ਉਤੇਜਕ ਸੰਗੀਤ ਬੇਝਿਜਕ, ਬੇਧੜਕ ਅਤੇ ਬੇਖਟਕਾ ਵਰਤਿਆ ਜਾ ਸਕਦਾ ਹੈ ਲੇਕਿਨ ਅਮਰੀਕਨ ਗੋਰੇ ਸਿੱਖ ਜਦੋਂ ਵਾਇਲਨ ਅਤੇ ਮੈਂਡੋਲਿਨ ਸਾਜ਼ਾਂ ਤੇ ਸ਼ਬਦ ਗਾਉਂਦੇ ਹਨ ਤਾਂ ਹਲਕੀ-ਹਲਕੀ ਅਮਰੀਕੀ ਸੰਗੀਤ ਦੀ ਧੁਨੀ ਆਪ-ਮੁਹਾਰੇ ਹੀ ਕੀਰਤਨ ਵਿਚ ਰਚ-ਮਿੱਚ ਜਾਂਦੀ ਹੈ। ਗੁਰਬਾਣੀ ਵੀ ਤਾਂ ਵੱਖ ਵੱਖ ਭਾਸ਼ਾਵਾਂ, ਬੋਲੀਆਂ ਅਤੇ ਉਚਾਰਨਾਂ ਦਾ ਸੁੰਦਰ ਮਿਲ ਗੋਭਾ ਹੈ ਪਰ ਇਹ ਕਿਤੇ ਵੀ ਬੇਤਰਤੀਬਾ ਨਹੀਂ। ਜੇ ਰਾਗ ਗੌੜੀ ਬੈਰਾਗਣ ਦੇ ਸੁਰ ਨਹੀਂ ਲੱਭਦੇ ਤਾਂ ਰਾਗ ਗੌੜੀ+ਰਾਗ ਬੈਰਾਗੀ ਭੈਰਵ=ਰਾਗ ਗੌੜੀ ਬੈਰਾਗਣ ਮਿਥਿਆ ਜਾ ਸਕਦਾ ਹੈ ਪਰ ਸੰਗਤ ਵਿਚ ਇਹ ਕਹਿਣਾ ਕਿ ਇਹੀ ਇਸ ਰਾਗ ਦਾ ਮੂਲ ਸਰੂਪ ਹੈ ਬੇਹੱਦ ਗਲਤ ਹੈ।

ਆਦਿ-ਗ੍ਰੰਥ ਦੇ 31 ਰਾਗਾਂ ਦਾ ਕ੍ਰਮ ਇਹੀ ਕਿਓਂ ਹੈ? ਪ੍ਰਸ਼ਨ ਦਾ ਉੱਤਰ ਇਹ ਹੈ ਕਿ ਇਹ ਜਾਂ ਤਾਂ ਉਸ ਵੇਲੇ ਦਾ ਕੋਈ ਪ੍ਰਚਲਿਤ ਰਾਗ ਵਰਗੀਕਰਨ ਸੀ ਤੇ ਜਾਂ ਸੰਗੀਤ ਜਗਤ ਨੂੰ ਇਹ ਗੁਰੂਆਂ ਦੀ ਇਕ ਅਜਿਹੀ ਅਦੁੱਤੀ ਦੇਣ ਹੈ ਜਿਸ ਦਾ ਲਿਖਤੀ ਅਤੇ ਮੌਖਿਕ ਰੂਪ ਸਿੱਖ ਗੁਆ ਬੈਠੇ ਹਨ ਕਿਉਂਕਿ ਕਹਾਵਤ ਪ੍ਰਚਲਿਤ ਹੈ, "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ"। ਇਹ ਵੀ ਹੋ ਸਕਦਾ ਹੈ ਕਿ ਸ੍ਰੀ ਪ੍ਰਥਮ ਰਾਗ ਇਸ ਲਈ ਬਣਿਆ ਕਿ ਗੁਰੂਕਾਲ ਵਿਚ ਇਹ ਹਿੰਦੁਸਤਾਨੀ ਜਾਂ ਉੱਤਰੀ ਭਾਰਤੀ ਸੰਗੀਤ ਪੱਧਤੀ ਦਾ ਸ਼ੁਧ ਸੁਰ-ਸਪਤਕ ਸੀ ਜਿਸ ਨੂੰ ਅੱਜ ਉੱਤਰ ਵਾਲੇ ਕਾਫੀ ਰਾਗ ਕਹਿੰਦੇ ਹਨ ਅਤੇ ਦੱਖਣ ਭਾਰਤੀ ਜਾਂ ਕਰਨਾਟਕੀ ਸੰਗੀਤ ਪੱਧਤੀ ਵਾਲੇ ਇਸ ਨੂੰ ਖਰਹਰਪਰੀਆ ਜਾਂ ਹਰਪਰੀਆ ਰਾਗ ਆਖਦੇ ਹਨ। ਅੱਜ ਸੰਗੀਤ ਸਿੱਖਿਆ ਦਾ ਆਦਮ ਰਾਗ ਬਿਲਾਵਲ ਜਾਂ ਕਲਿਆਣ ਹੈ। ਇਹ ਦੋਵੇਂ ਰਾਗ ਆਦਿ-ਗ੍ਰੰਥ ਵਿਚ ਮੌਜੂਦ ਹਨ ਇਸ ਲਈ ਸੰਗੀਤ ਸਿੱਖਿਆ ਇਨ੍ਹਾਂ ਤੋਂ ਅਰੰਭੀ ਜਾ ਸਕਦੀ ਹੈ ਪਰ ਜੇ ਕੋਈ ਇਹ ਚਾਹਵੇ ਕਿ ਸ੍ਰੀ ਰਾਗ ਹੀ ਸਿੱਖਿਆ ਦਾ ਪਹਿਲਾ ਰਾਗ ਬਣੇ ਤਾਂ ਕੋਈ ਹਰਜ਼ ਨਹੀਂ। ਇਹ ਕਾਫੀ ਰਾਗ ਵਾਲਾ ਵੀ ਲਿਆ ਜਾ ਸਕਦਾ ਹੈ ਅਤੇ ਪੂਰਵੀ ਰਾਗ ਵਾਲਾ ਵੀ ਕਿਉਂਕਿ ਬਿਲਾਵਲ, ਕਲਿਆਣ, ਕਾਫ਼ੀ ਅਤੇ ਪੂਰਵੀ ਆਦਿ ਰਾਗ ਪ੍ਰਾਕਿਰਤਕ ਨਹੀਂ ਹਨ।

ਆਦਿ-ਗ੍ਰੰਥ ਕੀਆਂ ਕੁਝ ਸ਼ਬਦਾਂ ਉੱਤੇ ਦੋ ਰਾਗਾਂ ਦੇ ਸਾਂਝੇ ਨਾਮ ਵੀ ਮਿਲਦੇ ਹਨ ਜੋ ਤਤਕਰੇ ਵਿਚ ਨਹੀਂ ਹਨ ਜਿਵੇਂ ਆਸਾ ਰਾਗ ਦੇ ਅੰਤਰਗਤ ਇਕ ਸਿਰਲੇਖ ਹੈ- ਆਸਾ ਆਸਾਵਰੀ ਅਤੇ ਸੂਹੀ ਰਾਗ ਦੇ ਅੰਦਰਗਤ ਇਕ ਸ਼ਬਦ ਹੈ- ਲਲਿਤ। ਰਾਗਾਂ ਦਾ ਇਹ ਮਿਸ਼ਰਿਤ ਰੂਪ ਅੱਜ ਪ੍ਰਚਿੱਲਤ ਨਹੀਂ। ਇਸ ਨੂੰ ਮਿਸ਼ਰਿਤ ਕੀਤਾ ਵੀ ਨਹੀਂ ਜਾ ਸਕਦਾ ਕਿਉਂਕਿ ਇਨ੍ਹਾਂ ਦੋਵਾਂ ਰਾਗ ਜੋੜੀਆਂ ਦੇ ਸੁਰ ਮਿਸ਼ਰਨ ਦੀ ਵਿਧੀ ਮੁਤਾਬਕ ਇਕ ਦੂਜੇ ਦੇ ਨੇੜੇ ਨਹੀਂ ਹਨ ਸਗੋਂ ਪਰਸਪਰ ਵਿਰੋਧੀ ਹਨ। ਫਿਰ ਇਹ ਕਿਵੇਂ ਹੋਇਆ? ਹੋ ਸਕਦਾ ਹੈ, ਗੁਰੂਕਾਲ ਵਿਚ ਇਨ੍ਹਾਂ ਰਾਗਾਂ ਦੇ ਸੁਰ ਅੱਜ ਵਾਲੇ ਨਾ ਹੋ ਕੇ ਕੋਈ ਹੋਰ ਹੋਣ ਅਤੇ ਇਕ ਦੂਜੇ ਨਾਲ ਮਿਸ਼ਰਨ ਜੋਗੀ ਨੇੜਤਾ ਰੱਖਣ ਦੇ ਯੋਗ ਹੋਣ। ਇਹ ਵੀ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਆਪਣੀ ਅਦੁੱਤੀ ਨਿਪੁੰਨਤਾ ਕਾਰਨ ਇਨ੍ਹਾਂ ਵਿਰੋਧੀ ਰਾਗਾਂ ਨੂੰ ਬੜੀ ਸੁਗਮਤਾ ਨਾਲ ਗਾ ਲੈਂਦੇ ਹੋਣ ਕਿਉਂਕਿ ਰਾਗ ਸੋਹਣੀ ਵਿਚ ਪੰਚਮ ਵਰਜਿਤ ਹੈ ਪਰ ਉਸਤਾਦ ਬੜੇ ਗੁਲਾਮ ਅਲੀ ਖਾਂ ਇਸ ਸੁਰ ਨੂੰ ਬਿਨਾਂ ਰਾਗਹਾਨੀ ਕੀਤੇ ਬੜੀ ਸਫਾਈ ਨਾਲ ਲਗਾ ਲੈਂਦੇ ਸਨ ਪਰ ਉਨ੍ਹਾਂ ਦੇ ਆਪਣੇ ਬੇਟੇ ਅਤੇ ਸ਼ਾਗਿਰਦ ਮੁਨੱਵਰ ਅਲੀ ਖਾਂ ਇਹ ਕਾਰਜ ਨਹੀਂ ਸਨ ਕਰ ਪਾਉਂਦੇ। ਇਸ ਦਾ ਅਰਥ ਇਹ ਹੋਇਆ ਕਿ ਸਿੱਖ ਸੰਗੀਤ ਵਿਚ ਰਾਗਾਂ ਦਾ ਮਿਸ਼ਰਨ ਕਰਨ ਦੀ ਖੁੱਲ੍ਹ ਹੈ ਪਰ ਇਸ ਵਿਚ ਗਾਉਣ ਦੀ ਉਚੇਰੀ ਸਮਰੱਥਾ ਸ਼ਾਮਲ ਹੈ।

ਸਿੱਖ ਸੰਗੀਤ ਦੀ ਸੁਗੰਧੀ ਜੋ ਆਪਣੇ ਆਪ ਵਿਚ ਇਕ ਨਿਵੇਕਲਾਪਨ ਸਮੋਏ ਹੋਏ ਹੈ, ਚੌਹੀ ਪਾਸੀਂ ਇਕ ਕੁਦਰਤੀ ਵੇਗ ਨਾਲ ਰੋਜ਼-ਬਰੋਜ਼ ਪਸਰ ਰਹੀ ਹੈ। ਇਸ ਨੂੰ ਨਿਰਾਲਾ ਸਿੱਧ ਅਤੇ ਸਥਾਪਿਤ ਕਰਨ ਹਿੱਤ ਕ੍ਰਿਤਰਿਮ ਅਤੇ ਬਨਾਵਟੀ ਸਾਧਨਾਂ ਦੇ ਸਹਾਰੇ ਦੀ ਕੋਈ ਆਵਸ਼ਕਤਾ ਨਹੀਂ। ਦੂਜੀਆਂ ਪਰੰਪਰਾਵਾਂ ਤੋਂ ਬਿਨਾ ਗੁਰੂ ਰੰਗ ਵਿਚ

ਰੰਗੇ ਸੰਗੀਤ ਦੇ ਸਿਧਾਂਤ ਨਾ ਤਾਂ ਚੁਰਾਏ ਜਾ ਸਕਦੇ ਹਨ ਤੇ ਨਾ ਹੀ ਕਿਤੋਂ ਉਧਾਰੇ ਮੰਗੇ ਜਾ ਸਕਦੇ ਹਨ। ਇਨ੍ਹਾਂ ਦਾ ਰੂਪਾਂਤਰਨ ਹੋ ਸਕਦਾ ਹੈ ਪਰ ਇਹ ਸੁੱਤੇ ਸਿੱਧ ਅਤੇ ਸਹਿਜ ਸੁਭਾ, ਬੇ-ਮਾਲੂਮਾ ਹੋਣਾ ਚਾਹੀਦਾ ਹੈ।

ਜਿਵੇਂ ਕਿਸੇ ਨੇ ਲਿਖਿਆ ਕਿ ਕਿਉਂਕਿ ਸਿੱਖ ਅਨੰਦ ਸਾਹਿਬ ਦੀਆਂ ਛੇ ਪੌੜੀਆਂ ਦਾ ਪਾਠ ਹਰ ਰਸਮ ਦੇ ਅਰੰਭ ਅਤੇ ਅੰਤ ਤੇ ਕਰਦੇ ਹਨ ਅਤੇ ਕਿਉਂਕਿ ਇਸ ਉੱਤੇ ਰਾਗ ਰਾਮਕਲੀ ਦਾ ਨਾਮ ਦਰਜ ਕੀਤਾ ਗਿਆ ਹੈ ਇਸ ਲਈ ਰਾਮਕਲੀ ਸਿੱਖਾਂ ਦਾ ਰਾਗ ਭੈਰਵੀ ਹੈ ਜੋ ਹਰ ਸਮੇ ਗਾਇਆ ਜਾ ਸਕਦਾ ਹੈ ਅਤੇ ਲੋਕ ਬੋਲੀ ਮੁਤਾਬਕ ਸਦਾ ਸੁਹਾਗਨ ਹੈ। ਜਦ ਕਿ ਸਥਿਤੀ ਇਸ ਦੇ ਪੂਰੀ ਤਰ੍ਹਾਂ ਹੱਕ ਵਿਚ ਨਹੀਂ ਕਿਉਂਕਿ ਗੁਰੂ ਅਰਜਨ ਦੇਵ ਜੀ ਕਾਲ ਦਾ ਰਾਗ ਟੋਡੀ ਅੱਜ ਦਾ ਭੈਰਵੀ ਹੈ, ਅਤਿ ਸੁਗਮ ਹੈ ਅਤੇ ਆਦਿ-ਗ੍ਰੰਥ ਦੇ ਸਭ ਤੋਂ ਵੱਧ ਸ਼ਬਦ ਇਸ ਰਾਗ ਵਿਚ ਦਰਜ ਹਨ। ਸਿੱਖ ਸੰਗੀਤ ਵਿਚ ਰਾਗਾਂ ਦਾ ਸਮਾ ਸਿਧਾਂਤ ਮੰਨਿਆ ਜਾ ਸਕਦਾ ਹੈ ਪਰ ਗੁਰੂ ਘਰ ਵਿਚ ਰਾਗ ਹਿੰਦੂ ਪਰੰਪਰਾ ਮੁਤਾਬਕ ਦੇਵਤਿਆਂ ਅਤੇ ਦੇਵੀਆਂ ਨਾਲ ਸੰਬੰਧਿਤ ਨਹੀਂ, ਇਹ 21 ਘੰਟੇ ਸੌਂਦੇ ਅਤੇ 3 ਘੰਟੇ ਜਾਗਦੇ ਨਹੀਂ। ਗੁਰੂ ਘਰ ਦੀ ਅਰਦਲ ਵਿਚ ਤਾਂ ਰਾਗ ਦਿਨੇ-ਰਾਤ ਸਗੋਂ ਉਡੀਕ ਵਿਚ ਖੜੇ ਹਨ ਕਿ ਕਦੋਂ ਇਨ੍ਹਾਂ ਦੇ ਸੁਰ ਗੁਰਬਾਣੀ ਦੀ ਜ਼ੀਨਤ ਬਣਨਗੇ।

ਸਿੱਖ ਰਾਮਕਲੀ ਰਾਗ ਵਿਚ ਅਨੰਦ ਸਾਹਿਬ ਗਾਉਂਦੇ ਹਨ ਪਰ ਆਮ ਕਰਕੇ ਰਾਗੀ ਸਿੰਘ ਉਸੇ ਰਾਗ ਵਿਚ ਅਨੰਦ ਸਾਹਿਬ ਗਾਉਂਦਾ ਹੈ ਜਿਸ ਵਿਚ ਉਹ ਆਪਣੀ ਕੀਰਤਨ ਚੌਕੀ ਦਾ ਅੰਤਮ ਸ਼ਬਦ ਪੜ੍ਹਦਾ ਹੈ। ਅਨੰਦ ਸਾਹਿਬ ਕਿਸੇ ਹੋਰ ਰਾਗ ਵਿਚ ਵੀ ਗਾਇਆ ਜਾ ਸਕਦਾ ਹੈ। ਇਹ ਕਿਸੇ ਵੀ ਤਾਲ ਅਤੇ ਸ਼ੈਲੀ ਵਿਚ ਹੋ ਸਕਦਾ ਹੈ। ਇਹ ਸ਼ਾਸਤਰੀ, ਸੁਗਮ ਅਤੇ ਲੋਕ ਰੰਗ ਵਿਚ ਕੱਲਿਆਂ ਅਤੇ ਜੋਟੀਆਂ ਦੀ ਸ਼ਕਲ ਵਿਚ ਵੀ ਗਾਇਆ ਜਾ ਸਕਦਾ ਹੈ। ਇਹ ਬਿਨਾ ਸਾਜ਼ਾਂ ਦੇ ਵੀ ਕਾਵਿ-ਉਚਾਰਨ ਵਾਂਗ ਗਾਇਆ ਜਾ ਸਕਦਾ ਹੈ। ਜੇ ਕਿਸੇ ਪਰੰਪਰਾ ਦਾ ਕੋਈ ਢਾਂਚਾ ਨਾ ਹੋਵੇ ਤਾਂ ਫਿਰ ਆਚਾਰੀਆ ਬ੍ਰਹਸਪਤੀ ਜਿਹੇ ਉੱਚ-ਕੋਟੀ ਦੇ ਵਿਦਵਾਨ ਟਿੱਚਰ ਕਰਨੋਂ ਬਾਜ਼ ਨਹੀਂ ਆਉਂਦੇ ਕਿ "ਭੈਰਵੀ ਕਿਹੋ ਜਿਹੀ ਸਦਾ ਸੁਹਾਗਨ ਹੈ ਜੋ ਕਿਸੇ ਵੇਸਵਾ ਵਾਂਗ ਹਰ ਕਿਸੇ ਦੇ ਬੁਲਾਉਣ ਤੇ ਹਰ ਸਮੇ ਆ ਜਾਂਦੀ ਹੈ।"

ਸਿੱਖ ਕੀਰਤਨ ਵਿਚ ਸੰਗੀਤ ਦੀ ਵਿਆਕਰਨ ਦੀ ਗੱਲ ਅਕਸਰ ਤੁਰਦੀ ਵੇਖੀ ਨਹੀਂ ਜਾਂਦੀ। ਗੁਰਮਤਿ ਕੀਰਤਨ ਵਿਚ ਸੰਗੀਤ ਸ਼ਾਸਤਰ ਦੇ ਸਿਧਾਂਤਾਂ ਤੇ ਗਹਿਨ-ਚਿੰਤਨ, ਪਠਨ-ਪਾਠਨ, ਆਲੋਚਨਾ-ਸਮਾਲੋਚਨਾ, ਘੋਖ-ਪੜਤਾਲ, ਸੰਸਲੇਸ਼ਣ-ਵਿਸ਼ਲੇਸ਼ਣ ਲਗਭਗ ਨਹੀਂ ਹੁੰਦਾ ਪਰ ਇਸ ਦਾ ਅਰਥ ਇਹ ਨਹੀਂ ਕਿ ਸੰਗੀਤ ਦੇ ਸਿਧਾਂਤਾਂ ਦਾ ਗੂੜ੍ਹ ਗਿਆਨ ਸਿੱਖ ਰੱਖਦੇ ਹੀ ਨਹੀਂ। ਸਿੱਖ ਕੀਰਤਨੀਏ ਸੂਖਮ ਵਾਦੀ ਨੇ। ਇਹ ਬਾਰੀਕ ਬੀਂ ਨੇ ਜੋ ਸੰਗੀਤ ਸ਼ਾਸਤਰ ਤੇ ਪੈਨੀ ਨਜ਼ਰ ਰੱਖਦੇ ਨੇ। ਹਾਂ, ਸੰਗੀਤ ਸ਼ਾਸਤਰ ਦੇ ਸਿਧਾਂਤਾਂ ਤੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਇੰਞ ਵਿਚਾਰ ਨਹੀਂ ਕੀਤਾ ਜਾਂਦਾ ਕਿ ਗੁਰਬਾਣੀ ਮੁੱਢਲੇ ਸਥਾਨ ਤੋਂ ਮਾਧਮਿਕ ਜਗ੍ਹਾ ਤੇ ਆ ਜਾਵੇ। ਗੁਰਬਾਣੀ ਯਾਦ ਕਰਨ ਦੇ, ਸੁਨਣ ਅਤੇ ਪੜ੍ਹਨ ਦੇ ਰਾਗੀ ਅਤੇ ਪਾਠੀ ਸਿੰਘਾਂ ਦੇ ਕਿੱਸੇ ਤਾਂ ਸੁਣਾਏ ਜਾਂਦੇ ਹਨ ਕਿ ਫਲਾਣੇ ਕੀਰਤਨੀਏ ਨੇ ਕਿੱਥੇ, ਕਿਵੇਂ ਅਤੇ ਕਿੰਨੇ ਚਿਰ ਵਿਚ ਸੰਪੂਰਨ ਆਦਿ-ਗ੍ਰੰਥ ਜ਼ੁਬਾਨੀ ਯਾਦ ਕਰ ਲਿਆ। ਕਹਾਵਤ ਵੀ ਪ੍ਰਚਲਿਤ ਹੈ ਕਿ "ਪੈਸਾ ਗੰਠ ਅਤੇ ਬਾਣੀ ਕੰਠ।" ਪਰ ਰਾਗੀਆਂ ਦੇ ਕਸ਼ਟ-ਸਾਧਿਯ, ਮਸ਼ਕ ਅਤੇ ਰਿਆਜ਼ ਦੀਆਂ ਬਾਤਾਂ ਘੱਟ ਪਾਈਆਂ ਜਾਂਦੀਆਂ ਹਨ। ਇਸ ਦਾ ਅਰਥ ਇਹ ਨਹੀਂ ਕਿ ਰਾਗੀ ਸੰਗੀਤ ਪੱਖੋਂ ਊਣੇ ਜਾਂ ਸੱਖਣੇ ਹਨ, ਇਸ ਦਾ ਅਰਥ ਇਹ ਵੀ ਨਹੀਂ ਕਿ ਰਾਗੀ ਸੰਗੀਤ ਦੇ ਖੇਤਰ ਵਿਚ ਕਿਸੇ ਤੋਂ ਘੱਟ ਨੇ ਤੇ ਮਿਹਨਤੀ ਨਹੀਂ। ਇਸ ਦਾ ਅਰਥ ਤਾਂ ਇਹ ਹੈ ਕਿ ਗੁਰਬਾਣੀ ਦੀ ਮੁਹਾਰਤ ਨਾਲੋਂ ਸੰਗੀਤ ਦੀ ਮੁਹਾਰਤ ਦੀ ਕਦਰ ਗੁਰਮਤਿ ਕੀਰਤਨ ਵਿਚ ਵੱਧ ਨਹੀਂ। ਇਹ ਸਮਾਨ ਹੋ ਸਕਦੀ ਹੈ ਪਰ ਘੱਟ ਨਹੀਂ। ਲੇਕਿਨ ਸਿੱਖ ਸੰਗੀਤ ਦਾ ਮੂਲ ਅਤੇ ਸਿਧਾਂਤ ਕਿਰਿਆਤਮਿਕ ਸੰਗੀਤ ਹੈ, ਸੰਗੀਤ-ਸ਼ਾਸਤਰ ਨਹੀਂ। ਸ਼ਾਇਦ ਤਾਂ ਹੀ ਕੋਈ ਅਜਿਹੀ ਸਾਖੀ ਅਤੇ ਘਟਨਾ ਸਿੱਖ ਇਤਿਹਾਸ ਦੇ ਲੇਖਕ ਨਾ ਤਾਂ ਸੁਣਾਉਂਦੇ ਹਨ ਅਤੇ ਨਾ ਹੀ ਵਿਸ਼ੇਸ਼ ਤੌਰ ਤੇ ਅੰਕਿਤ ਕਰਦੇ ਹਨ। ਇਹ ਜ਼ਰੂਰ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਵਿਆਹ ਤੇ ਭਾਈ ਮਰਦਾਨੇ ਨੂੰ ਫਿਰੰਦੇ ਕੋਲੋਂ ਖਾਸ ਤੌਰ ਤੇ ਸੁਰੀਲੀ ਰਬਾਬ ਬਣਵਾ ਕੇ ਭੇਂਟ ਕੀਤੀ ਪਰ ਇਸ ਤੋਂ ਇਲਾਵਾ ਸਿੱਖ ਗੁਰੂਆਂ ਦੇ ਸੰਗੀਤ ਉਸਤਾਦਾਂ ਅਤੇ ਸ਼ਾਗਿਰਦਾਂ ਦੀ ਸੰਗੀਤ ਸਿੱਖਿਆ ਬਾਰੇ ਕੋਈ ਚਰਚਾ ਨਹੀਂ ਮਿਲਦੀ। ਸੰਗੀਤ ਦਰਅਸਲ ਗੁਰਮਤਿ ਸੰਗੀਤ ਦਾ ਇਕ ਅਜਿਹਾ ਅੰਗ ਹੈ ਜੋ ਹਸਣ-ਰੋਣ, ਖਾਣ-ਪੀਣ ਵਾਂਗ ਆਉਣਾ ਹੀ ਆਉਣਾ ਹੈ, ਸਿੱਖਣਾ ਹੀ ਸਿੱਖਣਾ ਹੈ। ਇਹ ਸੰਗੀਤ ਦੀ ਦਾਤ ਹੈ। ਪੇਸ਼ਾਵਰ ਸੰਗੀਤਕਾਰ ਸਿੱਖਾਂ ਵਿਚ ਮੌਜੂਦ ਨੇ ਪਰ ਸੱਤੇ ਬਲਵੰਡੇ ਦੇ ਮਾਣ-ਮੱਤਾ ਹੋਣ ਤੇ ਇਨ੍ਹਾਂ ਨੂੰ ਦੁਰਕਾਰਿਆ

ਵੀ ਜਾ ਸਕਦਾ ਹੈ।

ਇਸ ਸਭ ਤੇ ਇਕ ਹੋਰ ਪੱਖੋਂ ਜੇ ਵਿਚਾਰ ਕਰਾਂ ਤਾਂ ਫਿਰ ਇਹ ਬੇਨਤੀ ਕਰਾਂਗਾ ਕਿ ਸਿੱਖ-ਸੰਗੀਤ ਸਹਿਜੇ-ਸਹਿਜੇ ਪੁਲਾੜ ਵਰਗਾ ਫੈਲਾ ਪ੍ਰਾਪਤ ਕਰਦਾ ਜਾ ਰਿਹਾ ਹੈ ਪਰ ਇਹ ਖੁੱਲ੍ਹਾ ਨਹੀਂ (ਹੁਣ ਤਾਂ ਸਗੋਂ ਵਿਗਿਆਨੀ ਵੀ ਮੰਨਣ ਲੱਗ ਪਏ ਹਨ ਕਿ ਅੰਤ੍ਰਿਕਸ਼ ਵੀ ਪੂਰੀ ਤਰ੍ਹਾਂ ਸ਼ੂਨਿਯ ਨਹੀਂ), ਇਕ ਰਸਮੀ ਕੀਰਤਨ ਹੈ (ਜੋ ਕਰਮ ਕਾਂਡ ਨਹੀਂ) ਜਿਸ ਦੇ ਅੰਤਰਗਤ ਕੀਰਤਨੀਏ ਨੇ ਲਾਵਾਂ, ਮਰਗ ਦੇ ਸ਼ਬਦ, ਆਸਾ ਦੀ ਵਾਰ, ਵਿਆਹ ਦੇ ਸ਼ਬਦ, ਪੁੱਤਰ ਜਨਮ ਦੀਆਂ ਗੀਤਾਂ, ਚੱਠ ਅਤੇ ਗੁਰਪੁਰਬ ਨਾਲ ਜੁੜੀ ਬਾਣੀ ਸਿੱਖਣੀ ਹੈ। ਦੂਜਾ ਲੋਕ ਕੀਰਤਨ ਹੈ ਜੋ ਜੋਟੀਆਂ ਦੇ ਸ਼ਬਦਾਂ ਦੇ ਰੂਪ ਵਿਚ ਇਸਤਰੀ ਸੱਤਸੰਗ, ਪ੍ਰਭਾਤ ਫੇਰੀ ਦੇ ਸ਼ਬਦ, ਨਗਰ ਕੀਰਤਨ (ਜਲੂਸ) ਵਜੋਂ ਸਿੱਖ ਸੰਗਤ ਨੇ ਕਰਨੇ ਹਨ। ਤੀਜਾ, ਪੱਕੇ ਰਾਗਾਂ ਦਾ ਸ਼ਾਸਤਰੀ ਕੀਰਤਨ ਜੋ ਰਾਗ ਦਰਬਾਰਾਂ ਅਤੇ ਕੀਰਤਨ ਦਰਬਾਰਾਂ ਵਿਚ ਰਾਗੀ ਸਿੰਘਾਂ ਨੇ ਆਪਣੇ ਸੰਗੀਤ ਦੇ ਕਰਤਬ ਦਿਖਾਉਣ ਹਿੱਤ ਕਰਨਾ ਹੈ ਅਤੇ ਚੌਥਾ, ਵਿੱਦਿਆ ਪੱਧਰ ਦਾ ਕੀਰਤਨ ਜੋ ਵਿਦਿਆਲਿਆਂ (ਸਕੂਲਾਂ), ਮਹਾਂਵਿਦਿਆਲਿਆਂ (ਕਾਲਜਾਂ), ਵਿਸ਼ਵਵਿਦਿਆਲਿਆਂ (ਯੂਨੀਵਰਸਿਟੀਆਂ) ਅਤੇ ਸੁਤੰਤਰ ਕੀਰਤਨ ਦੀਆਂ ਸੰਸਥਾਵਾਂ ਵਿਚ ਨੌਜਵਾਨ ਪੀੜ੍ਹੀ ਨੂੰ ਸਿਖਾਉਣਾ ਹੈ ਜਿਸ ਦੇ ਇਵਜ਼ (ਬਦਲੇ) ਵਿਦਿਆਰਥੀਆਂ ਨੇ ਡਿਗਰੀਆਂ ਅਤੇ ਡਿਪਲੋਮੇ ਲੈਣੇ ਹਨ, ਖੋਜ ਪ੍ਰਬੰਧ ਰਚਣੇ ਹਨ, ਆਪਣੇ ਤੌਖਲਿਆਂ ਨਾਲ ਗਰਮਾ-ਗਰਮ ਬਹਿਸਾਂ ਛੇੜ ਕੇ ਵਾਦ-ਵਿਵਾਦ ਦਾ ਖਿਲਵਾੜ ਰਚਣਾ ਹੈ, ਉਚੇਰੀਆਂ ਨੌਕਰੀਆਂ ਕਰਨੀਆਂ ਹਨ ਅਤੇ ਸਮਾਜਿਕ ਪੱਧਰ ਤੋਂ ਵੱਡੇ ਰੁਤਬਿਆਂ, ਕੁਰਸੀਆਂ, ਪਦਵੀਆਂ, ਅਸਾਮੀਆਂ ਅਤੇ ਅਹੁੱਦਿਆਂ ਤੇ ਸੁਸ਼ੋਭਿਤ ਹੋਣਾ ਹੈ ਪਰ ਗੁਰਮਤਿ ਸੰਗੀਤ ਦਾ ਉਦੇਸ਼ ਪਰਮਾਤਮਾ ਨਾਲ ਇਕ-ਮਿਕ ਹੋਣਾ ਹੈ ਅਤੇ ਇਹੀ ਇਸ ਪੱਥ ਦਾ ਇਕੋ ਇਕ ਗਾਡੀ ਰਾਹ ਹੈ।

# ਵਾਇਲਨ ਸਮਰਾਟ ਮੇਨਯੁਹਿਨ

ਬਾਵਾ ਬਲਵੰਤ : ਰਾਗ ਤੇ ਰੰਗ ਦਾ ਨੂਰ ਪੁਸਤਕ 'ਚੋਂ ਧੰਨਵਾਦ ਸਹਿਤ

ਇਸ ਸਾਲ ਚੌਥਾ ਨਹਿਰੂ ਇਨਾਮ ਸੰਸਾਰ ਪ੍ਰਸਿੱਧ ਵਾਇਲਨ ਵਾਦਕ 'ਮੇਨਯੁਹਿਨ' ਨੂੰ ਦਿੱਤਾ ਜਾ ਰਿਹਾ ਹੈ। ਇਸ ਯਹੂਦੀ ਕਲਾਕਾਰ ਨੂੰ ਵਾਇਲਨ ਵਜਾਉਣ ਵਿਚ ਉਹ ਕਮਾਲ ਹਾਸਲ ਹੈ ਕਿ ਸੰਸਾਰ ਵਿਚ ਸ਼ਾਇਦ ਹੀ ਕੋਈ ਉਸ ਦਾ ਸਾਨੀ ਹੋਵੇ। ਪੁਰਸਕਾਰ ਇਕ ਲੱਖ ਰੁਪਏ ਦਾ ਹੈ ਜੋ ਕੌਮਾਂਤਰੀ ਮੇਲ-ਮਿਲਾਪ, ਦਿਲਾਂ ਦੀ ਸਾਂਝ, ਕੌਮਾਂ ਵਿਚ ਕਲਾ ਦੁਆਰਾ ਆਪਸੀ ਪਿਆਰ ਸਥਾਪਿਤ ਕਰਨ ਤੇ ਅਮਨ ਦੇ ਕਾਰਜ ਕਰਨ ਵਾਲੇ ਦਾਨੇਸ਼ਵਰਾਂ, ਨੇਤਾਵਾਂ ਤੇ ਕਲਾਕਾਰਾਂ ਨੂੰ ਦਿੱਤਾ ਜਾਂਦਾ ਹੈ।

ਭਾਰਤ ਦੇ ਉਪਰਾਸ਼ਟਰਪਤੀ ਜੀ ਦੀ ਸਦਾਰਤ ਹੇਠਾਂ ਨਿਰਣੇ ਕਰਨ ਵਾਲੇ ਮੰਡਲ ਨੇ ਸ੍ਰੀ ਮੇਨਯੁਹਿਨ 'ਚ ਸਾਰੇ ਮਾਨਵੀ ਗੁਣ ਦੇਖੇ ਹਨ, ਉਨ੍ਹਾਂ ਦੇ ਸਾਜ਼ ਸੰਗੀਤ ਵਿਚਾਰਾਂ ਨੇ ਮਾਨਵੀ ਦਿਲਾਂ ਨੂੰ ਨੇੜੇ ਲਿਆਂਦਾ ਹੈ ਤੇ ਉਨ੍ਹਾਂ ਦਾ ਕਰਤੱਵ ਮਾਨਵੀ ਕਲਿਆਣ ਹੀ ਰਿਹਾ ਹੈ। ਉਸ ਦੇ ਸਾਜ਼ ਦੀ ਆਵਾਜ਼ 'ਚ ਇਕ ਜਾਦੂ ਹੈ ਜੋ ਮਨੁੱਖੀ ਮਨ ਨੂੰ ਦਰਵਿਤ ਕਰਕੇ ਸੁਹਿਰਦ ਭਾਵਨਾ ਤੇ ਖਲੂਸ ਦਾ ਪਰਸਾਰ ਕਰਦੀ ਹੈ।

੫੪ ਸਾਲ ਦਾ ਮਹਾਨ ਕਲਾਕਾਰ ਮੇਨਯੁਹਿਨ ਚੌਥਾ ਪੁਰਸ਼ ਹੈ ਜਿਸ ਨੂੰ ਨਹਿਰੂ ਪੁਰਸਕਾਰ ਪ੍ਰਾਪਤ ਹੋ ਰਿਹਾ ਹੈ। ਇਨ੍ਹਾਂ ਤੋਂ ਪਹਿਲਾਂ ਜਿਨ੍ਹਾਂ ਨੂੰ ਇਹ ਇਨਾਮ ਹਾਸਲ ਹੋਇਆ ਹੈ ਉਨ੍ਹਾਂ ਦੇ ਨਾਂ ਹੇਠ ਲਿਖੇ ਪ੍ਰਕਾਰ ਹਨ:-

1. ਵਿਸ਼ਵ ਰਾਸ਼ਟਰ ਸੰਘ ਦੇ ਮਹਾਂਮੰਤਰੀ ਸ੍ਰੀ ਮਾਨ ਊਥਾਂਟ

2. ਅਮਰੀਕਾ ਦੀ ਸ਼ਹਿਰੀ ਆਜ਼ਾਦੀ ਦੇ ਮਹਾਨ ਨੀਗਰੋ ਨੇਤਾ ਸ੍ਰੀ ਮਾਨ ਡਾ. ਮਾਰਟਿਨ ਲੂਥਰ ਕਿੰਗ (ਸ਼ਹੀਦ ਹੋਣ ਤੋਂ ਬਾਅਦ)

3. ਸ੍ਰੀ ਮਾਨ ਅਬਦੁਲ ਗਫਾਰ ਖਾਂ (ਸਰਹੱਦੀ ਗਾਂਧੀ)

ਕਲਾਕਾਰ ਮੇਨਯੁਹਿਨ ਦੇ ਪੁਰਖੇ ਰੂਸ 'ਚੋਂ ਆ ਕੇ ਅਮਰੀਕਾ ਵਿਚ ਵਸੇ ਹਨ। ਉਸਦਾ ਜਨਮ 22 ਅਪ੍ਰੈਲ 1916 ਨੂੰ ਨਿਊਯਾਰਕ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ 'ਮੋਸ਼ੇ' ਤੇ ਮਾਂ ਦਾ ਨਾਂ 'ਮਾਰਥਾ' ਸੀ। ਚਿੱਟੀ ਨਸਲ ਦੇ ਹੰਕਾਰੀ ਯਹੂਦਿਆਂ ਨੂੰ ਸਦਾ ਨਫਰਤ ਕਰਦੇ ਰਹੇ ਹਨ, ਪਰ ਉਸੇ ਕੌਮ ਵਿਚ ਮਹਾਨ ਫਿਲਾਸਫੀ ਤੇ ਇਨਕਲਾਬੀ ਨੇਤਾ ਸ੍ਰੀ ਕਾਰਲ ਮਾਰਕਸ ਜਗਤ-ਪ੍ਰਸਿੱਧ ਮਨੋਵਿਗਿਆਨੀ ਡਾ. ਫਰਾਇਡ ਸੰਸਾਰ ਪ੍ਰਸਿੱਧ ਹਿਸਾਬਦਾਨ ਸਾਇੰਸਦਾਨ ਤੇ ਫਿਲਾਸਫੀ ਡਾ. ਆਇਨ ਸਟਾਇਨ ਆਦਿ ਪੈਦਾ ਹੋਏ ਤੇ ਉਸੇ ਕੌਮ ਨੇ ਨਵੇਂ ਯੁੱਗ ਨੂੰ ਨਵੇਂ ਲੇਖਕ 'ਕਾਫਕਾ' ਤੇ ਮਹਾਨ ਕਲਾਕਾਰ ਮੇਨਯੁਹਿਨ ਪ੍ਰਦਾਨ ਕੀਤੇ।

ਪੰਜ ਛੇ ਸਾਲ ਦੀ ਛੋਟੀ ਉਮਰ ਵਿਚ ਹੀ ਮੇਨਯੁਹਿਨ ਨੇ ਬੇਲਾ ਹੱਥਾਂ ਵਿਚ ਸਜਾਇਆ ਤੇ ਲਗਭਗ 50 ਸਾਲ ਤੋਂ ਉਸਦੇ ਕਦਮ ਇਸ ਕਮਾਲ ਵੱਲ ਵੱਧਦੇ ਰਹੇ ਉਸ ਨੇ 11 ਸਾਲ ਦੀ ਉਮਰ ਵਿਚ ਨਿਊਯਾਰਕ ਦੀ ਇਕ ਪ੍ਰਸਿੱਧ ਸੰਗੀਤਸ਼ਾਲਾ ਵਿਚ ਸੰਸਾਰ ਪ੍ਰਸਿੱਧ ਸੰਗੀਤਕਾਰ 'ਵੀਥੋਵਨ' ਦਾ ਇਕ (ਕੈਂਸ੍ਰਟੀ) ਵਜਾਇਆ। ਸਰੋਤਿਆਂ ਤੇ ਇਕ ਨਸ਼ਾ ਤੇ ਵਿਸਮਾਦ ਜਿਹਾ ਤਾਰੀ ਹੋ ਗਿਆ। ਉਸ ਦੇ ਸਾਜ਼ ਦੀ ਆਵਾਜ਼ ਦੇ ਜਾਦੂ ਤੋਂ ਵੱਡੇ ਵੱਡੇ ਸੰਗੀਤਕਾਰਾਂ ਦੀਆਂ ਅੱਖਾਂ ਪਾਣੀ ਨਾਲ ਭਰ ਆਈਆਂ ਸਭ ਕਹਿ ਉੱਠੇ ਕਿ ਸੰਸਾਰ ਵਿਚ ਇਕ ਹੋਣਹਾਰ ਤੇ ਸਮਰੱਥ ਸੰਗੀਤਕਾਰ ਨੇ ਜਨਮ ਲਿਆ ਹੈ।

ਸੰਨ 1929 ਦੀ ਗੱਲ ਹੈ ਬਰਲਨ 'ਚ ਸੰਗੀਤ ਵਾਦਨ ਦਾ ਵੱਡਾ ਦਰਬਾਰ ਹੋਇਆ। ਉਸ ਵਿਚ ਸ੍ਰੀ ਬਾਖ, ਬੀਥੋਵਾਨ, 'ਬੁਗਖਸ' ਆਦਿ ਦੀਆਂ ਸੰਗੀਤ ਰਚਨਾਵਾਂ ਐਸੇ ਕਲਾਮਈ ਢੰਗ ਨਾਲ ਵਜਾਈਆਂ ਕਿ ਲੋਕ ਹੈਰਾਨ ਰਹਿ ਗਏ। ਇਕ ਚਿੱਟੇ ਕੇਸਾਂ ਵਾਲਾ ਬਜ਼ੁਰਗ ਉਠਿਆ ਤੇ 13-14 ਸਾਲ ਦੇ ਕਲਾਕਾਰ ਨੂੰ ਆਪਣੀ ਜੱਫੀ ਵਿਚ ਲੈ ਕੇ ਆਕਾਸ਼ ਵੱਲ ਉਛਾਲਿਆ ਤੇ ਕਿਹਾ "ਅੱਜ ਤੋਂ ਮੇਰਾ ਆਰਟ ਤੇ ਸੱਚਾਈ ਵਿਚ ਹੋਰ ਵਿਸ਼ਵਾਸ਼ ਵਧਿਆ ਹੈ, ਯਹੂਦੀ ਬੱਚੇ ਤੂੰ ਤਾਂ ਕਮਾਲ ਕਰ ਦਿੱਤਾ ਹੈ। ਇਹ ਚਿੱਟੇ ਕੇਸਾਂ ਵਾਲਾ ਬਜ਼ੁਰਗ ਡਾ. ਆਇਨ ਸਟਾਇਨ ਸੀ। ਐਸੇ ਮਹਾਨ ਪੁਰਸ਼ ਤੋਂ ਦਾਦ ਹਾਸਲ ਕਰਕੇ ਮੇਨਯੁਹਿਨ ਦਾ ਹੌਂਸਲਾ ਬੜਾ ਬੁਲੰਦ ਹੋਇਆ।

ਸ੍ਰੀ ਮੇਨਯੁਹਿਨ ਦਾ ਜਨਮ ਸੰਗੀਤਕਾਰਾਂ ਦੇ ਪਰਿਵਾਰ 'ਚ ਹੋਇਆ, ਉਨ੍ਹਾਂ ਦੀ ਭੈਣ 'ਹੇਪਨਿਬਾ' ਬਹੁਤ ਚੰਗਾ ਪਿਆਨੋ ਵਜਾਉਂਦੀ ਸੀ। ਸ੍ਰੀ ਮੇਨਯੁਹਿਨ ਨੇ ਸੰਸਾਰ ਦੇ ਪ੍ਰਸਿੱਧ ਸੰਗੀਤਕਾਰਾਂ ਸ੍ਰੀ ਸਿੰਗਮਨ ਏਂਕਰ (ਫਰਾਂਸਿਸਕੋ) ਸ੍ਰੀ ਲੁਈ ਪਵਿੰਗਰ (ਰੁਮਾਨਿਆ) ਜੀ ਏਨਸੁਕ ਤੇ ਏਡੋਲਫ ਬੁਸ਼

(ਸਵਿਟਜ਼ਰਲੈਂਡ) ਆਦਿ ਤੋਂ ਸੰਗੀਤ ਤੇ ਸਾਜ਼ ਦੀ ਸਿੱਖਿਆ ਪ੍ਰਾਪਤ ਕੀਤੀ। 19 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਸੰਸਾਰ ਦੇ ਕਈ ਦੇਸ਼ਾਂ ਦੀ ਯਾਤਰਾ ਕੀਤੀ ਤੇ ਆਪਣੇ ਵਾਇਲਨ ਦੀ ਆਵਾਜ਼ ਨਾਲ ਉਸਨੇ ਲੱਖਾਂ ਮਨਾਂ ਨੂੰ ਖੁਸ਼ ਤੇ ਹੈਰਾਨ ਕੀਤਾ। ਦੂਸਰੇ ਵਿਸ਼ਵ ਯੁੱਧ ਸਮੇਂ ਉਸਨੇ ਵੱਖ ਵੱਖ ਦੇਸ਼ਾਂ ਵਿਚ 500 ਵਾਰ ਵਾਇਲਨ ਦਾ ਪ੍ਰਦਰਸ਼ਨ ਕੀਤਾ। ਹੁਣ ਉਸਦੇ ਕਮਾਲ ਦਾ ਚਰਚਾ ਸਾਰੇ ਜੱਗ 'ਚ ਫੈਲ ਗਿਆ।

ਮੇਨਯੂਹਿਨ ਨੇ ਭਾਰਤੀ ਦਰਸ਼ਨ ਤੇ 'ਯੋਗ' ਦਾ ਬੜੀ ਦਿਲਚਸਪੀ ਨਾਲ ਅਧਿਐਨ ਕੀਤਾ। ਭਰਤੀ ਯੋਗ ਨਾਲ ਉਨ੍ਹਾਂ ਨੂੰ ਐਸਾ ਪਿਆਰ ਹੋਇਆ ਕਿ ਉਹ ਰੋਜ਼ ਬਿਨਾਂ ਨਾਗਾ ਅਭਿਆਸ ਕਰਦੇ ਹਨ। ਵਾਇਲਨ ਚਾਹੇ ਉਹ ਇਕ ਦਿਨ ਨਾ ਵਜਾਉਣ, ਪਰ ਯੋਗਾਭਿਆਸ ਕਦੀ ਨਹੀਂ ਛੱਡਦੇ। ਯੂਰਪ ਦੇ ਦੇਸ਼ਾਂ ਵਿਚ ਭਾਰਤੀ ਸਿਤਾਰ ਦਾ ਵੀ ਉਨ੍ਹਾਂ ਨੇ ਬੜਾ ਪ੍ਰਚਾਰ ਕੀਤਾ। ਭਾਰਤ ਦੇ ਪ੍ਰਸਿੱਧ ਸਿਤਾਰ ਵਾਦਕ ਸ੍ਰੀ ਰਵੀ ਸ਼ੰਕਰ ਤੇ ਮੇਨਯੂਹਿਨ ਨੇ ਯੂਰਪ ਤੇ ਅਮਰੀਕਾ 'ਚ ਕਈ ਸਾਂਝੇ ਪ੍ਰੋਗਰਾਮ ਦਿੱਤੇ। ਇਸ ਤਰ੍ਹਾਂ ਯੂਰਪ ਤੇ ਏਸ਼ੀਆ ਨੂੰ ਇਕ ਕਰ ਵਿਖਾਇਆ। ਇਕ ਦੂਸਰੇ ਦੀ ਸੰਸਕ੍ਰਿਤੀ ਨੂੰ ਸਮਝਣ ਲਈ ਉਹ ਦੋਵੇਂ ਮਿਲ ਕੇ ਵਿਚਾਰ ਤੇ ਅਭਿਆਸ ਕਰਦੇ ਰਹੇ। ਭਾਰਤੀ ਸੰਗੀਤ ਦੀਆਂ ਕਈ ਤਰਜ਼ਾਂ ਉਨ੍ਹਾਂ ਨੇ ਵਜਾਉਣੀਆਂ ਸਿੱਖ ਲਿਤੀਆਂ, ਇਸ ਤਰ੍ਹਾਂ ਉਹ ਬੜੇ ਪ੍ਰਸੰਨ ਹੋਏ। ਮੇਨਯੂਹਿਨ ਦਾ ਖਿਆਲ ਹੈ ਕਿ ਭਾਰਤੀ ਸੰਗੀਤ ਪੂਰਨ ਹੈ ਤੇ ਸੰਗੀਤ ਕਮਾਲ ਨੂੰ ਪਹੁੰਚਿਆ ਹੋਇਆ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਭਾਰਤੀ ਅਚਾਰੀਆਂ ਨੇ ਸੰਗੀਤ ਤੇ ਬੜੀ ਮਿਹਨਤ ਕੀਤੀ ਹੈ। ਸ੍ਰੀ ਮੇਨਯੂਹਿਨ ਇਹ ਵੀ ਕਹਿੰਦੇ ਹਨ ਕਿ ਪੱਛਮੀ ਸੰਗੀਤ ਦੀ ਲੈਅ ਕੋਲੋਂ ਪੂਰਬੀ ਸੰਗੀਤਾਂ ਦੀ ਲੈਅ ਵਿਚ ਬੜੀ ਬੌਧਕਤਾ ਹੁੰਦੀ ਹੈ। ਉਹ ਆਪਣੇ ਆਪ ਨੂੰ ਏਸ਼ੀਆਈ ਵਧੇਰੇ ਸਮਝਦੇ ਹਨ। ਉਹ ਕਈ ਵਾਰ ਹਾਸੇ ਨਾਲ ਕਹਿੰਦੇ ਹਨ : "ਮੇਰਾ ਪਰਿਵਾਰ ਰੂਸੀ ਹੈ ਤੇ ਮੈਨੂੰ ਪੂਰਬ ਨਾਲ ਵਧੇਰੇ ਪਿਆਰ ਹੈ ਪਰ ਭਾਰਤ ਮੈਨੂੰ ਸਭ ਤੋਂ ਪਿਆਰਾ ਹੈ।"

ਸ੍ਰੀ ਮੇਨਯੂਹਿਨ ਛੇ ਭਾਸ਼ਾਵਾਂ ਖੂਬ ਜਾਣਦੇ ਹਨ। ਉਹ ਇਹ ਛੇ ਭਾਸ਼ਾਵਾਂ ਚੰਗੀ ਤਰ੍ਹਾਂ ਪੜ੍ਹ ਲਿਖ ਅਤੇ ਬੋਲ ਸਕਦੇ ਹਨ। ਉਹ ਅੱਜ ਵੀ ਹਰ ਸਾਲ ਵੀਹ ਦੇਸ਼ਾਂ ਦਾ ਦੌਰਾ ਕਰਦੇ ਹਨ ਤੇ ਘੱਟ ਤੋਂ ਘੱਟ 150 ਪ੍ਰੋਗਰਾਮ ਦੇਂਦੇ ਹਨ। ਇੰਗਲੈਂਡ ਤੇ ਸਵਿਟਜ਼ਰਲੈਂਡ ਦੋਨਾਂ ਦੇਸ਼ਾਂ ਵਿਚ ਉਨ੍ਹਾਂ ਦੇ ਸਕੂਲ ਹਨ। ਲੰਡਨ ਤੋਂ 32 ਕਿਲੋਮੀਟਰ ਦੂਰ ਉਨ੍ਹਾਂ ਦਾ 'ਯਹੂਦੀ ਮੇਨਯੂਹਿਨ' ਸਕੂਲ ਹੈ। ਇਸ 'ਚ ਬੱਚਿਆਂ ਨੂੰ ਸ਼ੁਰੂ ਤੋਂ ਹੀ ਸਾਜ਼ ਦੀ ਸਿੱਖਿਆ ਦਿੱਤੀ ਜਾਂਦੀ ਹੈ। ਪੰਜ ਸਾਲ ਹੋਏ ਉਨ੍ਹਾਂ ਨੇ 'ਲਾਸ ਏਂਜਲਸ' (ਕੈਲੀਫੋਰਨੀਆ) ਵਾਲੀ ਸਾਰੀ ਜਾਇਦਾਦ ਯਹੂਦੀ ਮੇਨਯੂਹਿਨ ਫਾਊਂਡੇਸ਼ਨ ਨੂੰ ਦੇ ਦਿੱਤੀ ਹੈ। ਉਹ ਲੰਡਨ ਵਿਚ ਵੀ ਇਕ ਫਾਊਂਡੇਸ਼ਨ ਕਾਇਮ ਕਰਨਾ ਚਾਹੁੰਦੇ ਹਨ। ਇਸ ਲਈ ਉਹ ਚਾਰ ਪੰਜ ਕਰੋੜ ਰੁਪਿਆ ਇਕਤ੍ਰਤ ਕਰਨਾ ਚਾਹੁੰਦੇ ਹਨ।

ਮਹਾਨ ਸੰਗੀਤਕਾਰ ਦਾ ਕਹਿਣਾ ਹੈ ਕਿ ਜੋ ਮੈਂ ਹਾਂ ਉਹੀ ਮੇਰਾ ਸੰਗੀਤ ਹੈ। ਮੇਰੇ ਵਿਚਾਰ, ਮੇਰੀ ਖੁਸ਼ੀ, ਮੇਰਾ ਦੁਖ ਫੇਰ ਮੇਰੇ ਅੰਦਰ ਜੋ ਭਾਵ ਹੁੰਦੇ ਹਨ ਉਹ ਮੇਰੇ ਸੰਗੀਤ ਵਿਚੋਂ ਹੀ ਜ਼ਾਹਰ ਹੁੰਦੇ ਹਨ। ਮੈਂ ਪੱਛਮੀ, ਭਾਰਤੀ ਅਤੇ ਅਫਰੀਕਨ ਤਿੰਨਾਂ ਸੰਗੀਤਾਂ ਨੂੰ ਪੇਸ਼ ਕਰਨਾ ਚਾਹੁੰਦਾ ਹਾਂ, ਜਿਸ ਨਾਲ ਵੱਖ ਵੱਖ ਦ੍ਰਿਸ਼ਟੀਕੋਣ ਨਜ਼ਰ ਆ ਸਕਣ ਤੇ ਨਾਲ ਹੀ ਇਕ ਸਾਂਝਾ ਰਸ ਸਾਹਮਣੇ ਆ ਸਕੇ। ਮੈਂ ਇਹ ਵੀ ਚਾਹੁੰਦਾ ਹਾਂ ਕਿ ਤਿੰਨਾਂ ਸੰਗੀਤਾਂ ਨੂੰ ਮਿਲਾ ਕੇ ਇਕ ਬੜਾ ਪੁਰ ਅਸਰ ਸੰਗੀਤ ਬਣਾਇਆ ਜਾਏ ਇਹ ਸੰਗੀਤ ਛੋਟੇ ਬੱਚਿਆਂ ਨੂੰ ਸਿਖਾਇਆ ਜਾਏ ਤੇ ਹਰ ਤਰ੍ਹਾਂ ਦੇ ਭੇਦ ਭਾਵ ਰੂਪੀ ਜ਼ਹਿਰ ਨੂੰ ਦੂਰ ਕੀਤਾ ਜਾਏ ਤੇ ਦਿਲਾਂ ਦਾ ਜ਼ਹਿਰ ਦੂਰ ਹੋ ਜਾਏ ਤਾਂ ਇਕ ਸਰਵ ਸਾਂਝਾ ਸੁੰਦਰ ਸੰਸਾਰ ਵਜੂਦ ਵਿਚ ਆ ਸਕਦਾ ਹੈ। ਇਸ ਤਰ੍ਹਾਂ ਸੰਸਾਰ ਦੀ, ਮਾਨਵਮਾਤਰ ਦੀ ਇਕ ਸੰਸਕ੍ਰਿਤੀ ਹੋ ਸਕਦੀ ਹੈ।

ਸ੍ਰੀ ਮੇਨਯੂਹਿਨ 10 ਸਾਲ ਤੋਂ ਲੰਡਨ ਰਹਿ ਰਹੇ ਹਨ। ਚਾਹੇ ਉਹ ਅਮਰੀਕਨ ਸ਼ਹਿਰੀ ਹਨ। ਨਵੇਂ ਸਾਜ਼ ਤੇ ਨਵੇਂ ਵਾਜੇ ਆਦਿ ਸਿੱਖਣ ਦਾ ਉਨ੍ਹਾਂ ਨੂੰ ਸ਼ੌਕ ਹੈ। ਉਨ੍ਹਾਂ ਦਾ ਕਹਿਣਾ ਹੈ ਕਿ "ਮੇਰੇ ਬਜ਼ੁਰਗ ਕੋਹਾਕਾਫ 'ਚ 'ਬਾਬਾ ਕੇਲਾ' (ਇਕ ਕਿਸਮ ਦਾ ਗੁਟਾਰ) ਵਜਾਇਆ ਕਰਦੇ ਸਨ, ਉਸੇ ਤਰ੍ਹਾਂ ਦਾ ਇਕ ਸਾਜ਼ ਮੈਂ ਵੀ 130 ਸਾਲ ਦੀ ਉਮਰ ਵਿਚ ਈਜਾਦ ਕਰਕੇ ਵਜਾਇਆ ਕਰਾਂਗਾ।"

# ਰਾਗੀ ਭਾਈ ਜਸਪਾਲ ਸਿੰਘ ਜੀ

ਭਾਈ ਜਗਸੀਰ ਸਿੰਘ ਹਜ਼ੂਰੀ ਰਾਗੀ : C/o ਸੰਗਮ ਰੇਡੀਓ ਅਤੇ ਟੀਵੀ ਕਾਲਜ, ਮੋਲਟ (ਮੁਕਤਸਰ)

ਗੁਰਬਾਣੀ ਦੇ ਪਾਵਨ ਫੁਰਮਾਨ 'ਰਾਗ ਨਾਦ ਸਭ ਸਚ ਹੈ ਕੀਮਤ ਕਹੀ ਨਾ ਜਾਇ', ਅਥਵਾ 'ਨਾਨਕ ਕਹੈ ਸੁਣ ਰੇ ਮਨਾ ਕਰਿ ਕੀਰਤਨ ਹੋਇ ਉਧਾਰ' ਮਹਾਵਾਕ ਦੇ ਅਨੁਸਾਰ ਸ਼ਬਦ ਕੀਰਤਨ ਵਾਲੇ ਭਾਈ ਜਸਪਾਲ ਸਿੰਘ ਜੀ ਸ੍ਰ. ਜੁਗਿੰਦਰ ਸਿੰਘ ਦੇ ਸਪੁੱਤਰ ਹਨ ਜੋ ਕਿ ਮਲੋਟ ਦੇ ਜੰਮਪਲ ਹਨ ਭਾਈ ਸਾਹਿਬ ਇਮਾਨਦਾਰ ਅਤੇ ਮਿਲਣਸਾਰ ਵਿਅਕਤੀ ਹਨ। ਜਿਨ੍ਹਾਂ ਨੂੰ ਬਾਣੀ ਅਤੇ ਬਾਣੇ ਨਾਲ ਪਿਆਰ ਹੈ। ਮਲੋਟ ਦੀਆ ਧਾਰਮਿਕ ਸੰਸਥਾਵਾਂ ਵਿਚ ਸਤਿਕਾਰ ਯੋਗ ਵਿਅਕਤੀ ਹਨ ਜੋ ਕਿ ਨਿਸ਼ਕਾਮ ਕੀਰਤਨ ਕਰਦੇ ਹਨ। ਭਾਈ ਸਾਹਿਬ ਨੇ ਹਰਮੋਨੀਅਮ ਤਬਲਾ ਪ੍ਰੋਫੈਸਰ ਹਰਭਜਨ ਸਿੰਘ ਗੁ. ਭਾਈ ਜਗਤਾ ਜੀ ਵਾਲਿਆਂ ਅਤੇ ਪ੍ਰਸਿੱਧ ਮਾਸਟਰ ਅਰਵਿੰਦਰ ਪਾਲ ਸਿੰਘ ਜੀ ਪਾਸੋਂ ਸਿੱਖਿਆ। ਸ਼ਬਦ ਕੀਰਤਨ (ਕਲਾਸੀਕਲ) ਦੀ ਸਿੱਖਿਆ ਮਲੋਟ ਦੇ ਪ੍ਰਸਿੱਧ ਉਸਤਾਦ ਰਾਗੀ ਪਾਸੋਂ ਪ੍ਰਾਪਤ ਕੀਤੀ। ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ, ਪ੍ਰੋ. ਤਾਰਾ ਸਿੰਘ ਅਤੇ ਡਾ. ਗੁਰਨਾਮ ਸਿੰਘ ਜੀ ਦੀਆਂ ਪੁਸਤਕਾਂ ਪੜ੍ਹ ਕੇ ਉਨ੍ਹਾਂ ਦੀਆਂ ਗੀਤਾਂ ਬਿਲਕੁਲ ਹੂਬਹੂ ਗਾਉਣ ਦੀ ਸਮਰੱਥਾ ਰੱਖਦੇ ਹਨ। ਗੁਰਬਾਣੀ ਦੀ ਸਿੱਖਿਆ ਭਾਈ ਬਲਬੀਰ ਸਿੰਘ ਲੈਹਰੀ ਸਾਬਕਾ ਰਾਗੀ ਗੁ. ਗੁਰ ਨਾਨਕ ਦੇਵ ਮੁਹੱਲਾ ਕਰਨੈਲ ਸਿੰਘ ਮਲੋਟ ਵਾਲਿਆਂ ਤੋਂ ਪ੍ਰਾਪਤ ਕੀਤੀ ਅਤੇ ਸਹਾਇਕ ਰਾਗੀ ਦੀ ਡਿਊਟੀ ਭਾਈ ਬਲਬੀਰ ਸਿੰਘ ਜੀ ਨਾਲ ਕੀਤੀ ਜੋ ਕਿ ਜਸਪਾਲ ਸਿੰਘ ਜੀ ਦੇ ਗੁਰ ਭਾਈ ਵੀ ਹਨ। ਸਿੱਖ ਮਿਸ਼ਨਰੀ ਕਾਲਜ ਲੁਧਿਆਣੇ ਤੋਂ ਭਾਈ ਸਾਹਿਬ ਜੀ ਨੇ 2 ਸਾਲਾ ਕੋਰਸ ਵੀ ਕੀਤਾ ਹੈ। ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਭਾਈ ਸਾਹਿਬ ਜੀ ਤਬਲਾ ਅਤੇ ਵੋਕਲ ਦੀ ਵਿਸਾਰਦ (ਬੀ.ਏ.) ਕਰ ਰਹੇ ਹਨ ਅਤੇ ਗੁਰੂ ਨਾਨਕ ਅਕੈਡਮੀ ਮਹਿਣਾ (ਮੁਕਤਸਰ) ਵਿਖੇ ਟੀਚਰ ਦੀ ਡਿਊਟੀ ਕਰ ਰਹੇ ਹਨ। ਵੱਡੇ ਵੱਡੇ ਸ਼ਬਦ ਗਾਇਨ ਮੁਕਾਬਲਿਆਂ ਵਿਚ ਅਕੈਡਮੀ ਦੇ ਬੱਚਿਆਂ ਨੂੰ ਭਾਗ ਦਿਵਾ ਕੇ ਇਨਾਮ ਦਿਵਾਉਣ ਦਾ ਮਾਨ ਪ੍ਰਾਪਤ ਕੀਤਾ। ਭਾਈ ਬਖ਼ਸੀਸ ਸਿੰਘ ਰਾਗੀ ਪਟਿਆਲੇ ਵਾਲਿਆਂ ਦੀ ਗੀਤ ਜੋ ਕਿ ਰਾਗ ਬਿੰਦਰਾਬਨੀ ਸਾਰੰਗ ਤਿੰਨ ਤਾਲ ਵਿਚ ਹੈ (ਕਹਾ ਨਰ ਅਪਨੋ ਜਨਮ ਗਵਾਵੈ) ਸ਼ਬਦ ਬੱਚਿਆਂ ਨੂੰ ਤਿਆਰ ਕਰਾਕੇ ਜਿਥੇ ਵੀ ਗਾਇਆ ਫਸਟ ਪ੍ਰਾਈਜ਼ ਪ੍ਰਾਪਤ ਕੀਤਾ ਭਾਈ ਸਾਹਿਬ ਵਿਹਲੇ ਟਾਈਮ ਸ਼ਬਦ ਕੀਰਤਨ ਦੇ ਪ੍ਰੋਗਰਾਮ ਵੀ ਕਰਦੇ ਹਨ।

# ਰਿਲੀਜ਼ ਸਮਾਰੋਹ

**ਭਾਈ ਹਰਪਿੰਦਰ ਸਿੰਘ ਜੀ : ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ**

## ਪ੍ਰੋ. ਕਰਤਾਰ ਸਿੰਘ ਜੀ ਦੀ ਰਚਿਤ ਪੁਸਤਕ 'ਗੁਰੂ ਅੰਗਦ ਦੇਵ ਸੰਗੀਤ ਦਰਪਣ'

ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ ਪਹਿਲੇ ਅਤੇ ਹੁਣ ਦੇ ਸ਼ੈਸ਼ਨ ਦੇ ਸਾਰੇ ਵਿਦਿਆਰਥੀਆਂ ਨੂੰ ਬਹੁਤ ਸਮੇਂ ਤੋਂ ਉਡੀਕ ਸੀ ਕਿ ਸਾਡੇ ਮਾਨਯੋਗ ਉਸਤਾਦ ਜੀ ਪ੍ਰੋਫੈਸਰ ਕਰਤਾਰ ਸਿੰਘ ਜੀ ਹੁਰਾਂ ਦੀ ਲਿਖੀ ਪੁਸਤਕ ਗੁਰੂ ਅੰਗਦ ਦੇਵ ਸੰਗੀਤ ਦਰ਼ਪਣ ਤੀਜੀ ਪੁਸਤਕ ਜੋ ਗੁਰੂ ਅੰਗਦ ਦੇਵ ਜੀ ਦੇ ਆਗਮਨ 500 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੈ ਛੇਤੀ ਤੋਂ ਛੇਤੀ ਰਿਲੀਜ਼ ਹੋਵੇ ਤਾਂ ਜੋ ਸਿੱਖ ਸੰਗਤਾਂ ਵੀ ਅਤੇ ਅਸੀਂ ਵੀ ਉਸਦਾ ਲਾਭ ਉਠਾ ਸਕੀਏ। ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਿਰਲੋਚਨ ਸਿੰਘ ਜੀ ਨੇ 15 ਦਸੰਬਰ ਨੂੰ ਇਹ ਪੁਸਤਕ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਸਿੰਘ ਸਾਹਿਬ ਹੁਰਾਂ ਦੱਸਿਆ ਕਿ ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰੋ. ਸਾਹਿਬ ਦੀ ਬਹੁਤ ਵੱਡੀ ਦੇਣ ਹੈ।

ਪ੍ਰੋ. ਕਰਤਾਰ ਸਿੰਘ ਜੀ ਦੀ ਪਹਿਲੀ ਪੁਸਤਕ ਗੁਰਬਾਣੀ ਸੰਗੀਤ ਦਰਪਣ ਜੋ 24 ਰਾਗਾਂ ਵਿਚ 162 ਸ਼ਬਦ ਬੰਦਸ਼ਾਂ ਦਾ ਸੰਗ੍ਰਹਿ ਹੈ। 1996-97, 2000 ਤੇ 2004 ਵਿਚ ਚਾਰ ਵਾਰ ਛਾਪੀ ਜਾ ਚੁੱਕੀ ਹੈ। ਸਚਮੁਚ ਕੀਰਤਨ ਪ੍ਰੇਮੀਆਂ ਤੇ ਸੰਗੀਤ ਸਾਧਕਾਂ ਨੇ ਉਨ੍ਹਾਂ ਦੀ ਇਸ ਕਿਰਤ ਨੂੰ ਸਵੀਕਾਰਿਆ ਹੈ ਅਤੇ ਸਤਿਕਾਰਿਆ ਹੈ। ਦੂਜੀ ਪੁਸਤਕ ਗੁਰਮਤਿ ਸੰਗੀਤ ਦਰਪਣ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਰਾਗੁ ਤੋਂ ਰਾਗੁ ਸੂਹੀ ਤੱਕ 15 ਮੁੱਖ ਰਾਗਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਤੇ ਇਹਨਾਂ ਰਾਗਾਂ ਵਿਚ 372 ਸ਼ਬਦ ਬੰਦਸ਼ਾਂ ਦਾ ਸੰਗ੍ਰਹਿ ਹੈ, ਤੇ ਹਰ ਰਾਗੁ ਵਿਚ ਪੜਤਾਲਾਂ ਤੇ ਹਰ ਬੰਦਸ਼ ਨਾਲ ਤਾਨਾਂ ਤੇ ਤਿਹਾਈਆਂ ਦਿੱਤੀਆਂ ਹਨ। ਇਸ ਵਿਚ ਆਦਿ ਬਾਣੀ, ਦਸਮ ਬਾਣੀ, ਭਾਈ ਗੁਰਦਾਸ ਜੀ ਦੀ ਰਚਨਾਂ ਨੂੰ ਲਿਪੀ ਬੱਧ ਕੀਤਾ ਹੈ। ਇਹ ਪੁਸਤਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪਹਿਲਾਂ ਪ੍ਰਕਾਸ਼ ਉਸਤਵ ਨੂੰ ਸਮਰਪਿਤ ਹੈ।

ਪ੍ਰੋ. ਸਾਹਿਬ ਦੀ ਇਹ ਤੀਜ਼ੀ ਪੁਸਤਕ ਗੁਰੂ ਅੰਗਦ ਦੇਵ ਸੰਗੀਤ ਦਰਪਣ ਇਹ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ 500 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੈ। ਇਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸਾਰੀ ਬਾਣੀ ਤੇ ਗੁਰੂ ਉਪਮਾਂ ਵਿਚ ਸੱਤੇ ਬਲਵੰਡ ਦੀਆਂ ਤਿੰਨ ਪਉੜੀਆਂ, ਕਲਸਹਾਰ ਭੱਟ ਦੇ ਦਸ ਸਵੱਯੇ ਤੇ ਭਾਈ ਗੁਰਦਾਸ ਜੀ ਦੀਆਂ ਗੁਰੂ ਅੰਗਦ ਦੇਵ ਆਗਮਨ ਦੀਆਂ ਪੰਜ ਪਉੜੀਆਂ ਇਨ੍ਹਾਂ ਸਭ ਨੂੰ 22 ਵੱਖ-ਵੱਖ ਰਾਗਾਂ ਵਿਚ 135 ਸ਼ਬਦ ਬੰਦਸ਼ਾਂ ਨੂੰ ਲਿਪੀ ਬੱਧ ਕੀਤਾ ਹੈ। ਇਹ ਆਪਣੇ ਆਪ ਵਿਚ ਇਨ੍ਹੀ ਵਿਲੱਖਣ ਰਚਨਾ ਹੈ ਅਤੇ ਗੁਰੂ ਅੰਗਦ ਦੇਵ ਜੀ ਦੇ ਆਗਮਨ ਜਿਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਨਮੁਖ ਕੀਰਤਨ ਰੀਤ ਨੂੰ ਅੱਗੇ ਤੋਰਿਆ ਉਨ੍ਹਾਂ ਪ੍ਰਤੀ ਇਕ ਸ਼ਰਧਾ ਅਰਪਿਤ ਹੈ।

ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ ਨੇ ਪੁਸਤਕ ਰਿਲੀਜ਼ ਕਰਦੇ ਸਮੇਂ ਕਿਹਾ ਕਿ ਪ੍ਰੋ. ਕਰਤਾਰ ਸਿੰਘ ਜੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਸਾਡੇ ਕੋਲ ਤਕਰੀਬਨ ਪੰਜ ਸਾਲ ਤੋਂ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਨਾਲ ਗੁਰਮਤਿ ਸੰਗੀਤ ਦੀ ਸਿੱਖਿਆ ਦੇਣ ਦੀ ਸੇਵਾ ਕਰ ਰਹੇ ਹਨ, ਅਤੇ ਹਰ ਬੁੱਧਵਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਲਿਆਣ ਦੀ ਚੌਂਕੀ ਸਮੇਂ ਨਿਰਧਾਰਤ ਰਾਗਾਂ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਸਿੰਘ ਸਾਹਿਬ ਜੀ ਨੇ ਕਿਹਾ ਕਿ ਕਈ ਵਿਦਵਾਨ ਸਿਰਫ਼ ਕਿਤਾਬਾਂ ਹੀ ਲਿਖਦੇ ਹਨ, ਪ੍ਰੰਤੂ ਪ੍ਰੋ. ਕਰਤਾਰ ਸਿੰਘ ਜੀ ਦੀ ਇਹ ਵਿਲੱਖਣਤਾ ਹੈ ਕਿ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗਾਂ ਅਤੇ 30 ਰਾਗੁ ਪ੍ਰਕਾਰਾਂ ਨੂੰ ਆਪ ਤੰਤੀ ਸਾਜ਼ਾਂ ਨਾਲ ਗਾ ਵੀ ਰਹੇ ਹਨ ਅਤੇ ਵਿਦਿਆਰਥੀਆਂ ਵਿਚ ਵੰਡ ਵੀ ਰਹੇ ਹਨ। ਕਿਤਾਬ ਰਿਲੀਜ਼ ਤੋਂ ਬਾਅਦ ਪਹਿਲੀ ਕਾਪੀ ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਦਿੱਤੀ ਗਈ। ਇਸ ਤੋਂ ਬਿਨਾ ਮੈਨੇਜਰ ਸ੍ਰ. ਕਰਮ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰ. ਗੁਰਿੰਦਰ ਸਿੰਘ ਜੀ ਗੋਗੀ ਮੈਂਬਰ ਸ਼੍ਰੋ. ਗੁ. ਪ੍ਰੰ. ਕਮੇਟੀ, ਡਾ. ਇੰਦਰਜੀਤ ਕੌਰ ਪ੍ਰਧਾਨ ਪਿੰਗਲਵਾੜਾ ਅੰਮ੍ਰਿਤਸਰ, ਬੀਬੀ ਹਰਜਿੰਦਰ ਕੌਰ ਪ੍ਰਧਾਨ ਸਿੰਘ ਨਾਰੀ ਮੰਚ, ਪ੍ਰਿੰ. ਮਨਜਿੰਦਰ ਕੌਰ ਖ਼ਾਲਸਾ ਕਾਲਜ ਕੋਟਾਂ ਲੁਧਿਆਨਾ ਨੂੰ ਕਿਤਾਬ ਦੀਆਂ ਕਾਪੀਆਂ ਸਿੰਘ ਸਾਹਿਬ ਗਿਆਨੀ ਤਿਰਲੋਚਨ ਸਿੰਘ ਜੀ ਨੇ ਦਿੱਤੀਆਂ। ਇਸ ਤਰ੍ਹਾਂ ਇਹ ਕਾਰਜ ਨਿਰਵਿਘਨ ਸੰਪੂਰਨ ਹੋਇਆ। ਮੇਰੀ ਕੀਰਤਨ ਪ੍ਰੇਮੀਆਂ ਤੇ ਸੰਗੀਤ ਸਾਧਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪ੍ਰੋ. ਸਾਹਿਬ ਦੀਆਂ ਰਚਨਾਵਾਂ ਦਾ ਪੂਰਾ-ਪੂਰਾ ਲਾਭ ਉਠਾਉਣ ਅਤੇ ਕੀਰਤਨ ਵਿਚ ਐਸੀਆਂ ਬੰਦਸ਼ਾਂ ਦਾ ਗਾਇਨ ਪ੍ਰਚਾਰ ਵਿਚ ਲਿਆਉਣ।

# ਮੋਹ ਤੇ ਹਉਮੈ

ਸੋਹਣ ਸਿੰਘ : 3027, ਸੈਕਟਰ 27-ਡੀ, ਚੰਡੀਗੜ੍ਹ

ਪ੍ਰਮਾਤਮਾ ਨੇ ਜਦੋਂ ਬ੍ਰਹਮੰਡ ਦਾ ਪਸਾਰਾ ਬਣਾਇਆ ਤਾਂ ਇਸ ਵਿਚ ਚਾਰ ਖਾਣੀਆਂ ਰਾਹੀਂ ਜੀਵ ਜੰਤੂਆਂ ਦੀ ਰਚਨਾ ਕੀਤੀ। ਇਹ ਖਾਣੀਆਂ, ਅੰਡਜ, ਜੇਰਜ, ਸੇਤਜ, ਉਤਭੁਜ ਦੇ ਨਾਵਾਂ ਨਾਲ ਜਾਣੀਆਂ ਜਾਂਦੀਆਂ ਹਨ। ਇਨਸਾਨ ਜੇਰਜ ਖਾਣੀ ਨਾਲ ਸਬੰਧ ਰੱਖਦਾ ਹੈ। ਇਨਸਾਨ ਨੂੰ ਪੰਜਾਂ ਤੱਤਾਂ ਦਾ ਪੁਤਲਾ ਬਣਾਇਆ ਹੈ ਯਾਨੀ ਕਿ ਪਾਣੀ, ਧਰਤੀ, ਵਾਯੂ ਅਗਨੀ, ਅਕਾਸ਼। ਜਾਨਵਰਾਂ 'ਚ ਇਕ ਤੱਤ ਘਾਟ ਦੱਸੀਦਾ ਹੈ, ਪਰਿੰਦਿਆਂ 'ਚ ਦੋ ਘੱਟ ਤੇ ਬਨਾਸਪਤੀ ਵਿਚ ਤਿੰਨ ਤੱਤ ਘਟ ਹੁੰਦੇ ਹਨ। ਇਸ ਲਈ ਇਨਸਾਨ ਨੂੰ ਪ੍ਰਮਾਤਮਾ ਦੀ ਪੂਰਨ ਕਿਰਤ ਕਿਹਾ ਜਾਂਦਾ ਹੈ ਤੇ ਇਹ ਪ੍ਰਾਕਿਰਤੀ ਦਾ ਰਾਜਾ ਮੰਨਿਆ ਜਾਂਦਾ ਹੈ। ਜਿਤਨੀ ਸ਼ਕਤੀ ਪ੍ਰਮਾਤਮਾ ਨੇ ਇਸ ਨੂੰ ਧਨਾਤਮਕ ਸੋਚਣ ਲਈ ਦਿੱਤੀ ਹੈ, ਉਤਨੀ ਹੀ ਇਹ ਨਿਖੇਧਾਤਮਕ ਸੋਚਣ ਲਈ ਲਗਾ ਰਿਹਾ ਹੈ ਤੇ ਖਾਹ ਮਖਾਹ ਮਾਇਆ ਵਿਚ ਖਚਤ ਹੋਇਆ ਰਹਿੰਦਾ ਹੈ। ਇਸੇ ਲਈ ਇਸ ਦੁਨੀਆਂ ਵਿਚ ਸਾਧੂ, ਸੰਤਾਂ ਦੇ ਹੁੰਦਿਆਂ ਹੋਇਆ ਭ੍ਰਿਸ਼ਟ ਬੁਧੀ ਵਾਲੇ ਦੁਸ਼ਟ ਦੁਰਾਚਾਰੀ ਵੀ ਹਨ।

ਮੋਹ ਦਾ ਅੰਸ਼ ਕੁਦਰਤੀ ਤੌਰ ਤੇ ਹਰ ਜੀਵ ਵਿਚ ਚਾਹੇ ਇਨਸਾਨ ਹੋਵੇ ਜਾਂ ਜਾਨਵਰ ਜਾਂ ਪਰਿੰਦਾ ਹੁੰਦਾ ਹੀ ਹੈ ਤਾਂ ਹੀ ਤਾਂ ਔਲਾਦ ਦੀ ਪ੍ਰਵਰਿਸ਼ ਠੀਕ ਢੰਗ ਨਾਲ ਹੁੰਦੀ ਆ ਰਹੀ ਹੈ। ਕਈ ਪਰਿੰਦੇ ਤਾਂ ਧਿਆਨ ਦੀ ਬਖਸ਼ਿਸ਼ ਨਾਲ ਹੀ ਆਪਣੀ ਔਲਾਦ ਦੀ ਪ੍ਰਵਰਿਸ਼ ਕਰਦੇ ਹਨ।

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ॥*
*ਤਿਨ ਕਵਣੁ ਖਲਾਵੈ ਕਵਣ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ॥*

ਇਨਸਾਨ ਨੂੰ ਤਾਂ ਜੰਮਣ ਤੋਂ ਹੀ ਮਾਂ ਦੇ ਦੁੱਧ ਦਾ ਮੋਹ, ਉਸ ਉਪਰੰਤ ਖਡੌਣਿਆਂ ਦਾ ਮੋਹ, ਫਿਰ ਦੋਸਤਾਂ ਮਿੱਤਰਾਂ, ਭੈਣਾਂ ਭਰਾਵਾਂ ਦਾ ਮੋਹ, ਫਿਰ ਪਤਨੀ ਤੇ ਧਨ ਦਾ ਮੋਹ, ਫਿਰ ਰੋਜ਼ੀ ਤੇ ਬੱਚਿਆਂ ਦਾ ਮੋਹ, ਫਿਰ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਤੇ ਧਨ ਦਾ ਮੋਹ। ਇਸ ਮੋਹ ਦੇ ਕਾਰਨ ਇਹ ਮੌਤ ਦੇ ਡਰ ਤੋਂ ਅਵੇਸਲਾ ਹੋਇਆ ਰਹਿੰਦਾ ਹੈ। ਜ਼ਿੰਦਗੀ ਤੋਂ ਨਰਾਸ਼ ਨਹੀਂ ਹੁੰਦਾ ਸਗੋਂ ਜ਼ਿੰਦਗੀ ਹੋਰ ਮੰਗਦਾ ਹੈ। ਪਰੰਤੂ ਪ੍ਰਭੂ ਦੀ ਯਾਦ ਧੁੰਦਲੀ ਹੋਈ ਰਹਿੰਦੀ ਹੈ, ਉਸ ਲਈ ਸਮਾਂ ਹੀ ਨਹੀਂ ਲੱਭਦਾ।

ਮੋਹ ਤਾਂ ਉਸ ਸ਼ੈ ਦਾ ਕਰੀਏ ਜੋ ਆਪਣੀ ਹੋਵੇ, ਜੋ ਸਾਡੇ ਨਾਲ ਅੰਤ ਤੱਕ ਨਿਭੇ। ਮੋਹ ਦੇ ਇਹ ਅਸਥਾਈ ਮੋਹਰੇ ਔਲਾਦ, ਧਨ, ਬੁਧੀ, ਪਦਵੀ, ਜਿਸਮਾਨੀ ਤਾਕਤ ਤਾਂ ਸਾਨੂੰ ਪ੍ਰਮਾਤਮਾ ਨੇ ਸੁਖ ਭੋਗਣ ਲਈ ਦਿੱਤੇ ਹਨ ਜੋ ਪਿਛਲੇ ਕਰਮਾਂ ਕਾਰਨ ਇਹਨਾਂ ਦਾ ਸੰਜੋਗ ਹੋਇਆ ਹੈ। ਅਸੀਂ ਤਾਂ ਇਹਨਾਂ ਦੇ ਕਸਟੋਡੀਅਨ ਹਾਂ, ਜਦੋਂ ਮਾਲਕ ਦੀ ਮਰਜੀ ਬਣਦੀ ਹੈ ਉਦੋਂ ਉਹ ਵਾਪਸ ਲੈ ਲੈਂਦਾ ਹੈ। ਇਸ ਵਿਚ ਸਾਨੂੰ ਰੋਸ ਕੀ ਹੋ ਸਕਦਾ ਹੈ? ਕੁਝ ਵੀ ਨਹੀਂ।

ਸਾਨੂੰ ਬੱਚੇ ਦੇ ਅਨਭੋਲ ਪੁਣੇ ਦੀਆਂ ਖੇਡਾਂ ਤੋਂ ਸੁਖ ਮਿਲਦਾ ਹੈ ਤੇ ਮੋਹ ਉਪਜਦਾ ਹੈ, ਵੱਡੇ ਹੋਕੇ ਚੰਗੀ ਪੜ੍ਹਾਈ ਕਰਦਾ ਹੈ ਸਾਡੀ ਇਜ਼ਤ ਵਧਦੀ ਹੈ। ਸਾਨੂੰ ਸੁਖ ਭਾਸਦਾ ਹੈ ਮੋਹ ਹੋਰ ਉਪਜਦਾ ਹੈ। ਬੱਚਾ ਵੱਡਾ ਹੋਕੇ ਵਾਧੂ ਧਨ ਕਮਾਉਂਦਾ ਹੈ ਆਪਣਾ ਨਾਮ ਚਮਕਾਉਂਦਾ ਹੈ। ਸਾਨੂੰ ਖੁਸ਼ੀ ਹੁੰਦੀ ਹੈ, ਮਨ ਨੂੰ ਸੁਖ ਮਿਲਦਾ ਹੈ, ਮੋਹ ਹੋਰ ਉਪਜਦਾ ਹੈ।

*ਪ੍ਰੀਤਮ ਜਾਨਿ ਲੇਹੁ ਮਨ ਮਾਹੀ।*
*ਅਪਨੇ ਸੁਖ ਸਿਉ ਹੀ ਜਗ*
*ਫਾਧਿਓ ਕੋ ਕਾਹੂ ਕੋ ਨਾਹੀ..........* ਪੰਨਾ 9

ਜੇ ਬੱਚਾ ਸਰੀਰਕ ਤੌਰ ਤੇ ਨਿਕਾਰਾ ਹੋਵੇ, ਧਨ ਕਮਾਉਣ 'ਚ ਫੇਲ੍ਹ ਹੋਵੇ, ਚੋਰੀ ਬਦਮਾਸ਼ੀ ਕਾਰਨ ਬਦਨਾਮੀ ਖੱਟ ਕੇ ਲਿਆਉਂਦਾ ਹੋਵੇ ਤਾਂ ਮਨ ਨੂੰ ਦੁਖ ਹੁੰਦਾ ਹੈ ਤਾਂ ਮੋਹ ਘੱਟਦਾ ਹੈ। ਕਈ ਵਾਰੀ ਅਸੀਂ ਉਹਨੂੰ ਅਪਨਾਉਣ ਤੋਂ ਇਨਕਾਰੀ ਹੋ ਜਾਂਦੇ ਹਾਂ।

*ਜਗਤ ਮੈਂ ਝੂਠੀ ਦੇਖੀ ਪ੍ਰੀਤ।*
*ਅਪਨੈ ਸੁਖ ਸਿਉਂ ਹੀ*
*ਸਭ ਲਾਗੇ ਕਿਆ ਦਾਰਾ ਕਿਆ ਮੀਤ॥*

ਜਿਥੋਂ ਤਕ ਜੀਵ ਦਾ ਤੁਅਲਿਕ ਹੈ ਜੇ ਉਹ ਇਸ ਮਾਤ ਲੋਕ 'ਚ ਆਇਆ ਹੈ ਤਾਂ ਮੱਸਤਕ 'ਚ ਲਿਖੀ ਸੁਆਸਾਂ ਦੀ ਪੂੰਜੀ ਭੋਗ ਕੇ ਅਵੱਸ਼ ਜਾਣਾ ਵੀ ਤੇ ਹੈ ਇਹ ਆਉਣ ਜਾਣ ਦਾ ਸਾਈਕਲ ਚੱਲਦਾ ਹੀ ਰਹਿਣਾ

ਹੈ ਜਦੋਂ ਤੱਕ ਪ੍ਰਭੂ ਦੀ ਬਖਸ਼ਿਸ਼ ਨਾਲ ਪ੍ਰਮ ਗਤੀ ਨਹੀਂ ਪ੍ਰਾਪਤ ਹੁੰਦੀ।

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ।*
*ਨਾਨਕ ਹਰਿ ਗੁਨ ਗਾਇ ਲੇ, ਛਾਡ ਸਗਲ ਜੰਜਾਲ॥*

ਜੇ ਮਨੁੱਖ ਨੇ ਮੋਹ ਵਿਚ ਲਿਬੜੀਆਂ ਦਾਤਾਂ ਨੂੰ ਭੋਗਦਿਆਂ ਕੁਝ ਪ੍ਰਭੂ ਦਾ ਸਿਮਰਨ ਕੀਤਾ, ਸ਼ੁਕਰਾਨਾ ਕੀਤਾ ਹੈ ਤਾਂ ਵਿਛੋੜੇ ਦੇ ਦੁਖ ਵੇਲੇ ਵੀ ਜੇ ਉਸ ਦਾਤਾਰ ਦਾ ਹੁਕਮ ਮਰਦਿਆਂ ਹੋਇਆਂ ਯਾਦ ਕੀਤਾ ਹੈ ਤਾਂ ਉਸ ਪ੍ਰਭੂ ਦਾ ਮਿਲਣਾ ਅਵੱਸ਼ ਦਰਸਾਇਆ ਹੈ। ਪ੍ਰਾਣੀ ਦਾ ਅਸਲ ਟੀਚਾ ਵੀ ਤਾਂ ਉਸ ਨੂੰ ਮਿਲਣ ਦਾ ਹੀ ਹੈ।

*ਜਾਂ ਸੁਖ ਤਾਂ ਸੋ ਰਾਵਿਉ ਦੁਖ ਭੀ ਸੰਮਾਲਿਉ।*
*ਨਾਨਕ ਕਹੇ ਸਿਆਨੀਐ ਇਉ ਕੰਤ ਮਿਲਾਵਾ ਹੋਵੇ॥*

ਪੰਨਾ 791

ਹਉਮੈ, ਮੋਹ ਦਾ ਅਨਿਖੜਵਾਂ ਅੰਗ ਹੈ। ਜਿਥੇ ਮੋਹ ਉਥੇ ਹਉਮੈ ਜ਼ਰੂਰ ਹਾਜ਼ਰ ਹੁੰਦੀ ਹੈ। ਇਹ ਚਾਹੇ ਪ੍ਰਵਾਰਕ ਹੋਵੇ, ਧਨ ਦੀ ਹੋਵੇ, ਅਕਲ ਦੀ ਹੋਵੇ, ਤਾਕਤ ਦੀ ਹੋਵੇ, ਪੋਜ਼ੀਸ਼ਨ ਦੀ ਹੋਵੇ ਗੁਰੂ ਸਾਹਿਬ ਦਾ ਤਾਂ ਫੁਰਮਾਨ ਹੈ ਕਿ ਹਉਮੈ ਮਨੁੱਖ ਦਾ ਵੱਡਾ ਰੋਗ ਹੈ।

*ਹਉਮੈ ਰੋਗ ਮਨੁਖ ਕਉ ਦੀਨਾ॥*
*ਕਾਮ ਰੋਗ ਮੈਮਲਿ ਬਸਿ ਲੀਨਾ॥*
*ਦ੍ਰਿਸ਼ਟ ਰੋਗਿ ਪਰਿ ਮੂਏ ਪਤੰਗਾ।*
*ਨਾਦ ਰੋਗ ਖਪਿ ਗਏ ਕੁਰੰਗਾ॥*

ਪੰਨਾ 1140

ਇਸ ਲਈ ਜੇ ਮਨੁੱਖ ਨੇ ਮੋਹ ਤੋਂ ਨਜਾਤ ਪਾਉਣੀ ਹੈ ਤਾਂ ਹਉਮੈ ਰੋਗ ਨੂੰ ਵੀ ਕਟਣਾ ਪਵੇਗਾ।

*ਮਾਨ ਮੋਹ ਦੋਨੋ ਕਉ ਪਰ*
*ਹਰਿ ਗੋਬਿੰਦ ਕੇ ਗੁਨ ਗਾਵੈ॥*
*ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ*
*ਜੀਵਨ ਮੁਕਤਿ ਕਹਾਵੈ॥* ਪੰਨਾ 9

# ਸ਼ਬਦ ਦਾ ਦੀਵਾ ਜਗਾਅ

ਕਦੇ ਉਹ ਚਾਨਣ ਨੂੰ ਮਿਲਿਆ
ਕਦੇ ਉਹ ਪਾਣੀ ਨੂੰ ਮਿਲਿਆ
ਕਦੇ ਤਪਦੇ ਰੇਤੜੀਂ ਲੰਘਿਆ
ਕਦੇ ਨਾ ਟਿਕਿਆ ਇਤਾਹੀਂ
ਰਿਹਾ ਤੁਰਦਾ, ਰਿਹਾ ਤੁਰਦਾ।

ਕਦੇ ਬਿਰਖਾਂ ਹੇਠ ਜਾ ਸੁੱਤਾ
ਜਗਾਉਂਦਾ ਰਿਹਾ ਹੋਰਾਂ ਨੂੰ
ਕਦੇ ਪਰਬਤ ਪੈਰੀਂ ਛੂਹ ਮਾਰੇ
ਪਰ –
ਕਠੋਰ ਦਿਲਾਂ ਨੂੰ
ਮੋਮ ਬਣ ਕੇ ਮਿਲਿਆ।

ਉਹ ਗੀਤ ਲੈ ਤੁਰਿਆ
ਕਦੇ ਪੂਰਬ, ਕਦੇ ਦੱਖਣ
ਕਦੇ ਉੱਤਰ, ਕਦੇ ਪੱਛਮ
ਉਸ ਦੇ ਸੰਗ
ਸੰਗੀਤ ਦੋਸਤੀ, ਕਰ ਤੁਰਿਆ।

ਨਾ ਭੇਦ ਰੱਖਿਆ ਪਿੰਡੇ
ਵੰਡੀ ਇੱਕੋ ਨੂਰ ਦੀ ਸ਼ਕਤੀ।

ਕਦੇ ਜਾਮਾ ਫ਼ਕੀਰੀ ਦਾ
ਕਦੇ ਜਾਮਾ ਪੀਰੀ ਦਾ
ਕਦੇ ਜਾਮਾ ਮੀਰੀ ਦਾ।

ਤੋੜੇ ਵਰਨਾਂ ਦੇ ਸੰਗਲ
ਦੱਸੀ ਮਾਲਾ ਦੀ ਭਗਤੀ
ਦੱਸੀ ਸ਼ਸ਼ਤਰ ਦੀ ਸ਼ਕਤੀ।

ਸ਼ਤਾਬਦੀਆਂ ਲੰਘ ਤੁਰੀਆਂ ਨੇ
ਉਹ ਅਜੇ ਵੀ ਗਰਦਸ਼ਾਂ ਹੈ ਗੱਫਦਾ

ਬੰਦਾ ਅਜੇ ਵੀ ਹੈ ਪਿੱਛੇ
ਨਾ ਉਸ ਤੋਂ ਗੀਤ ਹੀ ਫੜ ਹੋਇਆ
ਨਾ ਗੀਤ ਸਮਝ ਹੀ ਆਇਆ
ਨਾ ਅਮਲ ਹੀ ਕਰ ਹੋਇਆ

ਬੰਦਾ ਖੋਖਲਾ ਵਧ ਹੋਇਆ
ਵਿਖਾਵਾ ਕੱਦ-ਕੱਦ ਹੋਇਆ
ਇਹ ਝੂਠ ਰਿਹਾ ਖੱਟਦਾ
ਉਹ ਸੱਚ ਤੋਲਦਾ ਹੱਸਦਾ।

ਜ਼ਮਾਨੇ ਬੀਤ ਜਾਂਦੇ ਨੇ
ਸਮਾਂ ਦਸ ਕਦ ਖੜ੍ਹਦਾ ਹੈ।

ਮਨੁੱਖ ਅਜੇ ਵੀ ਵਿਆਕੁਲ ਹੈ
ਹੋਣੀਆਂ ਸੰਗ ਲੜਦਾ ਹੈ,
ਉਸ ਦੇ ਸ਼ਬਦ ਦੀ ਸ਼ਕਤੀ
ਸੂਰਜ ਵਾਂਗ ਸੱਜਰੀ ਹੈ।
ਹਨੇਰੇ ਘਰਾਂ ਅੰਦਰ
ਚਾਨਣ ਬਹੁਤ ਜ਼ਰੂਰੀ ਹੈ।

ਖਿੜਨ ਲਈ ਫੁੱਲ ਬਹੁ-ਭਾਂਤੇ
ਧੁੱਪ ਦੀ ਓਡਦੇ ਚਾਦਰ
ਮਹਿਕਾਂ ਵੰਡਦੇ ਸਭ ਨੂੰ।

ਦੀਵੇ ਦਾ ਧਰਮ ਤਾਂ ਇਹੋ
ਚੁਪਾਸੀਂ ਰੌਸ਼ਨੀ ਵੰਡਣਾ
ਸ਼ਬਦ ਦੇ ਦੀਵੇ ਨੂੰ
ਜਗਾਉਣਾ ਸਿੱਖ ਲੈ ਤੂੰ ਵੀ
ਜਗਾਉਣਾ ਸਿੱਖ ਲੈ ਤੂੰ ਵੀ!!

ਮਨਮੋਹਨ ਸਿੰਘ ਦਾਊਂ
280, ਫੇਜ਼ 6, ਮੋਹਾਲੀ

## First use of 'Hindustan' by Guru Nanak: Jodh Singh

Sarbjit Dhaliwal : Courtesy 'The Tribune'

Who was first to use the word Hindustan? Obviously, it is the most difficult question to answer.

"Guru Nanak Dev, the founder of Sikhism, was first to use this word. Unfortunately, this fact is little known to scholars and others concerned", asserts Dr Jodh Singh, famed scholar of philosophy and religion and the Editor-in-Chief of the Encyclopedia of Sikhism, which is being prepared by Punjabi University, Patiala.

"In fact, Guru Nanak Dev was the first holy man to conceptualise our country as Hindustan. And Guru Granth Sahib is the first religious scripture of the Bhakti Movement period in which the word Hindustan was used first time. Before Guru Granth Sahib, the word Hindustan had not been used in any religious Granth", claims Dr Jodh Singh. "I would stand corrected if any one shows me the reference of Hindustan in any other religious scripture before it was used by Guru Nanak Dev", says Dr Jodh Singh.

Guru Nanak Dev wrote the word Hindustan in his 'shalok' that was authored to lodge a protest to God against Babar's reign of terror in Hindustan. The Shalok is "Khurasan khasmana kiya, Hindustan draya, eti mar pai kurlane, tain. ke dard na aiya". Dr Jodh Singh, who has completed in four volumes the translation of Guru Granth Sahib in Hindi, says Guru Nanak Dev was in fact also the first to visualise the integration of this country which during his period had been divided in several provinces and principalities. All literature was full of references regarding provinces and there was no talk of the country as a unit as such during that period.

Asked about the translation of Guru Granth Sahib in Hindi, Dr Jodh Singh said that he had performed this task keeping in view the requirement of millions of Hindi-reading people of the country. "The translation was in chaste Hindi that is written and read in Central India", he adds. Dr Jodh Singh, who has also been designated as Professor of Sikhism, did his Ph.D. on Guru Nanak's bought from Banaras Hindu University and also served here as lecturer for some years before joining Punjabi University. He is a member of the Indian Council 'of Philosophical Research and had held several eminent positions in Punjabi University and other academic institutions. He has authored several books on Sikhism.

His, most recognised earlier works are the translation of Dasam Granth in English. and Hindi and also the translation of Vars of Bhai Gurdas in English and Hindi. Translation of Guru Granth

Sahib is the latest one. In this work, on the left side pages, there is a translation in 'shalok' form in Hindi and on the right side pages there is translation in Hindi prose. This has been done to make easy the understanding of Gurbani for' Hindi-knowing people.

Talking about the translation of Guru Granth Sahib, he said that the number of pages of this translated works is the same as those of Guru Granth Sahib. A detailed introduction explaining about Sikh history, philosophy and its doctrinal aspects and also glossary of technical terms used in Sikh religious ethos has been part of the work.

# Artistes Are Prospering, Not Art, Says Yash Paul

S.D. Sharma : **Courtesy 'The Tribune'**

Style in art form is not a static but a dynamic phenomenon depending on the taste of the people, say art historians.

But the classical musical arts have many tensions due to influence of the western music styles and the power of money alluring the artist. In the process the artists are prospering and not the 'art'. Such trend are alarming. The revival of our rich cultural heritage in the region may not be an easy task.

Sharing the concern with Chandigarh Tribune the foremost maestro of the Agra gharana, Pandit Yash Paul, revealed that the performing doyens of music and from undivided Punjab had been reigning supreme with most of them established their respective gharans. He claimed that during 18th century Ghulam Rasool migrated from Multan to the court of Nawab Asaf u-Daula and descendents, Nathan Pir Baksh established the 'Gwalior gharana'.

Their progeny instituted the Jaipur gharana. Hailing the contribution of music titans from Punjab like Bade Gulam Ali Khan, KL Saigal, Jagjit Singh, Dalip Vedi, Pt Amar Nath, Husan Lal Bhagat Ram, O.P. Nayyar, Hans Raj Bahl, Ghulam Mohammed and Ustad Amir Khan Saheb, Pt. Jas Raj from Haryana for propagating the classical music in the Northern region, Pt Yash Paul, top class AIR artiste, is disgusted with the gloomy state of affairs of classical music.

A former chairperson of the Panjab University music faculty, Pt. Yash Paul feels that maintaining a liaison with the autonomous cultural establishments can ensure a result-oriented revival of the secular art.

# ਸੁਰ ਲਿਪੀ

ਭਾਈ ਜਸਪਾਲ ਸਿੰਘ 'ਜਵੱਦੀ' : ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਤਰਨ-ਤਾਰਨ

*ਰਾਗੁ ਸਿਰੀਰਾਗ*

**ਥਾਟ:** ਪੂਰਵੀ **ਵਾਦੀ:** ਰਿਸ਼ਭ **ਸੰਵਾਦੀ:** ਪੰਚਮ

**ਜਾਤੀ:** ਔੜਵ-ਸੰਪੂਰਨ **ਸਮਾਂ:** ਸ਼ਾਮ ਦਾ ਸਮਾਂ (ਸੰਧੀ ਪ੍ਰਕਾਸ਼)

**ਸੁਰ:** ਆਰੋਹ ਵਿਚ ਗ ਤੇ ਧ ਵਰਜਿਤ, ਰੇ, ਧ ਕੋਮਲ, ਮੇ ਤੀਵਰ, ਬਾਕੀ ਸ਼ੁੱਧ

**ਆਰੋਹ:** ਸ ਰੁੇ, ਮੇ ਪ, ਨੀ ਸਂ।

**ਅਵਰੋਹ:** ਸਂ ਨੀ ਧੁ ਪ, ਮੇ ਗ ਰੁੇ ਸ।

**ਮੁਖ ਅੰਗ:** ਸ, ਰੁੇ, ਰੁੇ, ਪ, ਪ ਮੇ ਗ ਰੁੇ, ਰੁੇ, ਸ।

**ਏਕ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| x | | 0 | | 2 | | 0 | | 3 | | 4 | |
| **ਸਥਾਈ** | | | | | | | | | | | |
| ਸਂਨੀ | ਰੁੇਂ | ਨੀ | ਧੁ | ਪ | ਪ | ਮੇਧੁ | ਪ | ਪ | ਮੇਧੁ | ਮੇਗ | ਰੁੇਸ |
| *ਰੰS* | *S* | *ਗ-* | *ਰ* | *ਤਾ* | *S* | *ਮੇਂS* | *S* | *ਰਾ* | *ਸਾS* | *SS* | *ਹਿਬ* |
| ਪ | ਪ | ਮੇ | ਨੀ | ਧੁ | ਪ | ਮੇਧੁ | ਮੇਗ | ਮੇਗ | ਰੁੇਗ | ਰੁੇ | ਸ |
| *ਰ* | *ਵ* | *ਰਹਿ* | *ਆ* | *ਭ* | *ਰ* | *ਪੂS* | *SS* | *SS* | *SS* | *S* | *ਰ* |
| **ਅੰਤਰਾ** | | | | | | | | | | | |
| ਪ | ਪ | ਮੇ | ਧੁ | ਧੁ | ਪ | ਪਨੀ | ਸਂ | ਸਂਨੀ | ਰੁੇਂ | ਰੁੇਂ | ਸਂ |
| *ਆ* | *S* | *ਪੇ* | *ਰਸੀ* | *ਆ* | *S* | *ਆS* | *S* | *ਪS* | *ਰ* | *ਸ* | *S* |
| ਸਂਰੁੇਂ | ਗਂ | ਰੁੇਂ | ਸਂ | ਸਂ | ਸਂ | ਸਂਨੀ | ਰੁੇਂ | ਰੁੇਂ | ਰੁੇਂਗਂ | ਰੁੇਂ | ਸ |
| *ਆS* | *ਪੇ* | *S* | *ਗਾ* | *ਵ* | *ਣ* | *ਹਾS* | *S* | *S* | *SS* | *S* | *ਰ* |
| ਸਂਨੀ | ਧੁ | ਪ | ਮੇਧੁ | ਪ | ਪਪ | ਮੇਧੁ | ਮੇਗ | ਮੇਗ | ਰੁੇਗ | ਰੁੇ | ਸ |
| *ਆS* | *ਪੇ* | *S* | *ਸੇS* | *ਜ* | *Sਭ* | *ਤਾS* | *SS* | *SS* | *SS* | *S* | *ਰ* |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਸਿਰੀ ਰਾਗੁ ਮਹਲਾ ੧ ਘਰੁ ਦੂਜਾ ੨ ॥** | **Sri Rag First Guru.** | **ਸਿਰੀ ਰਾਗ, ਪਹਿਲੀ ਪਾਤਿਸ਼ਾਹੀ।** |
| ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ | Lord Himself is the Relisher, Himself the Reilsh, and Himself the Enjoy. | ਪ੍ਰਭੂ ਖੁਦ ਸੁਆਦ ਲੈਣ ਵਾਲਾ ਹੈ, ਖੁਦ ਹੀ ਸੁਆਦ, ਅਤੇ ਖੁਦ ਹੀ ਭੋਗਣ ਵਾਲਾ। |
| ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ | He Himself is the Vesture (bride) and Himself the Couch and Bridegroom. | ਉਹ ਆਪ ਚੋਲੀ (ਪਤਨੀ) ਹੈ ਅਤੇ ਆਪ ਹੀ ਪਲੰਘ ਤੇ ਪਤੀ। |
| ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ | My Master is dyed with love and is fully pervading every where. | ਮੇਰਾ ਮਾਲਕ ਪ੍ਰੀਤ ਨਾਲ ਰੰਗੀਜਿਆ ਹੋਇਆ ਹੈ ਅਤੇ ਹਰ ਥਾਂ ਪਰੀ-ਪੂਰਨ ਹੋ ਸਮਾ ਰਿਹਾ ਹੈ। |
| ਰਹਾਉ ॥ | Pause. | ਠਹਿਰਾਉ। |
| ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ | He Himself is the fisherman and the fish and Himself the water and the net. | ਉਹ ਆਪ ਹੀ ਮਾਹੀਗੀਰ ਤੇ ਮੱਛੀ ਹੈ ਤੇ ਆਪ ਹੀ ਜਲ ਤੇ ਫੰਧਾ। |
| ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ | He Himself is the metal ball of the net and Himself the bait within. | ਉਹ ਖੁਦ ਫੰਧੇ ਦਾ ਧਾਤ ਦਾ ਮਣਕਾ ਹੈ ਅਤੇ ਖੁਦ ਹੀ ਉਸ ਦੇ ਵਿਚਲੀ ਕੁੰਡੀ। |
| ਆਪੇ ਬਹੁ ਬਿਧਿ ਰੰਗਲਾ ਸਖੀਏ ਮੇਰਾ ਲਾਲੁ ॥ | My maid! my beloved is in every way playful. | ਮੇਰੀ ਸਹੇਲੀਓ! ਮੇਰਾ ਪ੍ਰੀਤਮ ਹਰ ਤਰ੍ਹਾਂ ਨਾਲ ਖਿਲੰਦੜਾ ਹੈ। |
| ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ | He ever enjoys the virtuous wife. Behold my plight (away from Him.) | ਉਹ ਸਦਾ ਹੀ ਪਵਿੱਤ੍ਰ ਪਤਨੀ ਨੂੰ ਮਾਣਦਾ ਹੈ। ਮੇਰੀ ਦਸ਼ਾ (ਜੋ ਉਸ ਤੋਂ ਦੂਰ ਹਾਂ) ਵਲ ਨਿਗ੍ਹਾ ਕਰ। |
| ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ | Prays Nanak, listen to my supplication. Thou art the tank and Thou the swan. | ਨਾਨਕ ਜੋਦੜੀ ਕਰਦਾ ਹੈ, ਮੇਰੀ ਪ੍ਰਾਰਥਨਾ ਸੁਣ। ਤੂੰ ਤਲਾਬ ਹੈ ਅਤੇ ਤੂੰ ਹੀ ਰਾਜ-ਹੰਸ। |
| ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥ | Thou art the lotus and Thou the water-lily. Thou Thyself art pleased on beholding (them). | ਤੂੰ ਕੰਵਲ ਹੈਂ ਅਤੇ ਤੂੰ ਹੀ ਕਵੀਆ। (ਉਨ੍ਹਾਂ ਨੂੰ) ਦੇਖ ਕੇ ਤੂੰ ਆਪ ਹੀ ਖੁਸ਼ ਹੁੰਦਾ ਹੈਂ। |